# ਦਰਿੰਦੇ ਦਾ ਨਿਸ਼ਾਨ

ਤੇਰਾ ਧੰਨਵਾਦ। ਅਤੇ ਉਹਨੇ ਕਿਹਾ, "ਮੈਨੂੰ ਤੇਰੇ ਵਿੱਚ ਛੁਪਾ ਲੈ"। ਕਿਉਂ, ਮੈਂ ਸੋਚਦਾ ਹੈ ਕਿ ਉਹ ਬਹੁਤ ਹੀ ਸੋਹਣਾ ਹੈ। ਮੈਂ ਇਸਨੂੰ ਬਹੁਤ, ਬਹੁਤ ਹੀ ਪਸੰਦ ਕਰਦਾ ਹਾਂ।

ਅਤੇ ਬਹੁਤ ਹੀ "ਸ਼ੁਭ ਦੁਪਹਿਰ" ਸਾਰਿਆਂ ਨੂੰ, "ਸ਼ਾਮ"; ਅਤੇ ਪਰਮੇਸ਼ਵਰ ਦੀਆਂ ਬਰਕਟਾਂ ਤੁਹਾਡੇ ਨਾਲ ਹੋਣ।

ਹੁਣ, ਇਹ, ਫਿਰ ਤੋਂ, ਅੱਜ ਰਾਤ, ਸਾਡੇ ਲਈ ਵਚਨ ਵਿੱਚੋਂ ਪੰਨਿਆਂ ਨੂੰ ਖੋਲ੍ਹਣਾ, ਤੇ ਇਸ ਦਾ ਅਧਿਐਨ ਕਰਨਾ ਬਹੁਤ ਹੀ ਸੌਭਾਗਿਆ ਦੀ ਗੱਲ ਹੈ। ਮੈਂ—ਮੈਂ ਗਾਉਣਾ ਪਸੰਦ ਕਰਦਾ ਹਾਂ; ਮੈਂ ਇਸਨੂੰ ਪਸੰਦ ਕਰਦਾ ਹਾਂ। ਅਤੇ ਮੈਂ ਅਕਸਰ ਲੋਕਾਂ ਨੂੰ ਕਹਿੰਦਾ ਹਾਂ, "ਜਦੋਂ ਵੀ ਤੁਸੀਂ ਸਵਰਗ ਜਾਓ, ਤਾਂ ਜੇ ਮੈਂ ਤੁਹਾਨੂੰ ਸਿੰਘਾਸਨ ਦੇ ਲਾਗੇ ਨਾ ਦਿਖਾਂ, ਤਾਂ ਮੈਨੂੰ ਉੱਥੇ ਲੱਭਿਓ ਜਿੱਥੇ ਸਭ ਗਾ ਰਹੇ ਹੋਣਗੇ"। ਅਤੇ ਮੈਂ—ਮੈਂ ਉੱਥੇ ਹੋਣਾ ਚਾਹੁੰਦਾ ਹਾਂ। ਅਤੇ ਮੈਂ ਚੰਗੇ ਗਾਉਣ ਨੂੰ ਪਸੰਦ ਕਰਦਾ ਹਾਂ। ਪਰ, ਅਤੇ ਗੋਸਪਿਲ ਸਭਾਵਾਂ-ਦੇ ਸਮੇਂ, ਜਿੱਥੇ ਫੈਸਲੇ ਕੀਤੇ ਜਾਂਦੇ ਹਨ।, ਮੈਂ ਸੋਚਦਾ ਹਾਂ, "ਇੱਕ ਜਾਂ ਦੋ ਗੀਤ, ਅਤੇ ਜਲਦੀ ਵਚਨ ਵੱਲ ਜਾਣਾ। ਵਚਨ ਨੂੰ ਸਮਾਂ ਦਿਓ"। ਸਮਝੇ? ਅਤੇ ਉਹੀ ਜਰੂਰੀ—ਜਰੂਰੀ ਗੱਲ ਹੈ: ਵਚਨ ਵਿੱਚ ਸਿੱਧਾ ਜਾਣਾ।

ਇੱਥੇ ਕੁਝ ਲੋਕ ਹਨ ਜਿਹੜੇ ਸ਼ਹਿਰ ਦੇ ਬਾਹਰੋਂ ਆਏ ਹਨ (ਉਹ ਇੱਥੇ ਹੀ ਜੋ ਟਰੇਲਰ ਵਿੱਚ ਠਹਿਰੇ ਹੋਏ ਹਨ, ਇਸ ਜਗ੍ਹਾ ਦੇ ਠੀਕ ਪਿਛਲੇ ਪਾਸੇ) ਅਤੇ ਮੈਂ ਦੁਪਹਿਰ ਹੋਣ ਤੋਂ ਥੋੜ੍ਹਾ ਪਹਿਲਾਂ ਉਹਨਾਂ ਨੂੰ ਮਿਲਣਾ ਸੀ, ਸਭਾਵਾਂ ਸ਼ੁਰੂ ਹੋਣ ਤੋਂ ਪਹਿਲਾਂ। ਜੇ ਕਰ ਉਹ ਇੱਥੇ ਹਨ: ਮੈਂ ਮਾਫ਼ੀ ਚਾਹੁੰਦਾ ਹਾਂ ਕਿ ਮੈਂ ਉਸ ਗੱਲ ਨੂੰ ਪੂਰਾ ਨਹੀਂ ਕਰ ਪਾਇਆ; ਅਤੇ ਇਹ ਕਹਿਣ ਲਈ ਮੈਨੂੰ ਮਾਫ ਕਰਨਾ, "ਮੈਂ ਉੱਥੇ ਹੋਵਾਂਗਾ"। ਜਦੋਂ ਮੈਂ, ਦੂਸਰੀਆਂ ਚੀਜਾਂ ਵਿੱਚ ਆ ਜਾਂਦੀਆਂ ਹਨ, ਕਿ, ਮੈਂ ਉਸ ਸਮੇਂ ਉੱਥੇ ਨਹੀਂ ਆ ਸਕਿਆ।

ਹੁਣ, ਕਲ ਰਾਤ…ਅਸੀਂ ਹਮੇਸ਼ਾ ਇੱਕੋ ਹੀ ਗੱਲ ਵੱਲ ਧਿਆਨ ਦਿੰਦੇ ਹਾਂ ਤੇ ਉਹ ਹੋ ਹੈ ਪ੍ਰਭੂ ਯਿਸੂ ਮਸੀਹ, ਬਸ ਏਨਾ ਹੀ ਹੈ ਜੋ ਵੀ ਉਹਦੀ ਰੱਬੀ ਮਰਜੀ ਸਾਡੇ ਕਰਨ ਦੇ ਲਈ ਹੈ। ਜੇ ਕਲ ਰਾਤ ਉਹਦੀ ਮਰਜੀ ਹੋਈ *ਪਰਮੇਸ਼ਵਰ ਦੀ ਮੋਹਰ* ਤੇ ਬੋਲਣ ਦੀ ਤਾਂ ਅਸੀਂ ਬੋਲਣਗੇ ਜੇ ਪ੍ਰਭੂ ਨੇ ਚਾਹਿਆ।

2 ਅਤੇ ਅੱਜ ਰਾਤ ਅਸੀਂ ਦਿੰਦੇ ਹਾਂ, ਜੇ ਇਹ…ਉਹਦੀ ਸਾਡੇ ਲਈ ਖੁਦਕਿਸਮਤੀ ਇੰਝ ਕਰਨ ਦੀ ਹੋਈ, ਜਾਂ ਇਹ ਸਾਡੇ ਧੰਨਭਾਗ ਅੱਜ ਰਾਤ

ਉਹਦੇ ਲਈ ਕਰਨ ਦੇ ਹੋਏ। ਸਾਡੇ ਕੋਲ ਸਮੇਂ ਦਾ ਇੱਕ ਬਹੁਤ ਹੀ ਮਹੱਤਵਪੂਰਨ ਵਿਸ਼ਾ ਹੈ ਜਿਹਦੇ ਉੱਤੇ ਅਸੀਂ ਬੋਲਣਾ ਚਾਹੁੰਦੇ ਹਾਂ, ਉਹ ਹੈ *ਦਰਿੰਦੇ ਦਾ ਨਿਸ਼ਾਨ*।

3 ਅਤੇ ਪਿਛਲੀ ਰਾਤ ਅਸੀਂ ਕਲਿਸਿਆਈ ਯੁਗਾਂ ਵਿੱਚ ਸਾਂ, *ਸੱਤ ਕਲਿਸਿਆਈ ਯੁੱਗ*। ਅਤੇ ਅਫਸੁਸ ਕਲੀਸੀਆ ਤੋਂ ਆਰੰਭ ਕਰਕੇ; ਅਤੇ ਲਾਓਦੀਕੀਏ ਯੁੱਗ ਦੇ ਨਾਲ ਖਤਮ ਕੀਤਾ। ਆਖਰੀ ਕਲਿਸਿਆਈ ਯੁੱਗ। ਕਾਸ਼ ਕਿ ਪ੍ਰਭੂ ਆਪਣੀਆਂ ਬਰਕਤਾਂ ਹੁਣ ਵਚਨ ਉੱਤੇ ਦੇਵੇ ਜਦ ਅਸੀਂ ਬੋਲਦੇ ਹਾਂ।

4 ਹੁਣ ਕੀ ਅਸੀਂ ਆਪਣੇ ਸਿਰ ਇੱਕ ਪਲ ਵਾਸਤੇ ਪ੍ਰਾਰਥਨਾ ਦੇ ਲਈ ਝੁਕਾਈਏ, ਇਸ ਰੱਬੀ ਵਚਨ ਨੂੰ ਖੋਲ੍ਹਣ ਤੋਂ ਪਹਿਲਾਂ।

5 ਕਿਰਪਾਲੂ ਸੁਰਗੀ ਪਿਤਾ, ਅਸੀਂ ਇਸ ਮੌਕੇ ਦੇ ਲਈ ਸ਼ੁਕਰਗੁਜਾਰ ਹਾਂ ਜੋ ਅੱਜ ਰਾਤ ਸਾਨੂੰ ਮਿਲਿਆ ਹੈ ਜਿਉਂਦੇ ਰਹਿਣ ਦੇ ਲਈ। ਅਤੇ ਅੱਜ ਰਾਤ ਇੱਥੇ ਧਰਤੀ ਦੇ ਉੱਤੇ ਹੋਣ ਦੇ ਲਈ ਅਤੇ ਸਿਹਤ ਅਤੇ ਬਲ ਦੇ ਲਈ ਇਸ ਇਮਾਰਤ ਵਿੱਚ ਬੈਠ ਸਕਦੇ ਹਾਂ, ਜਿੱਥੇ ਕਿ ਪਰਮੇਸ਼ਵਰ ਦਾ ਵਚਨ ਪੜ੍ਹਿਆ ਜਾਂਦਾ ਹੈ।

6 ਤੇ ਹੇ ਮੁਬਾਰਕ ਛੁਡਾਉਣ ਵਾਲੇ, ਅਸੀਂ ਪ੍ਰਾਰਥਨਾ ਕਰਦੇ ਹਾਂ ਸਾਡਾ ਨੇੜੇ ਦਾ ਸਾਕਦਾਰ ਛੁਡਾਉਣ ਵਾਲਾ ਜਿਹਨੇ ਕਿ ਸਾਨੂੰ ਆਪਣੇ ਲਹੂ ਵਿੱਚ ਧੋਇਆ ਹੈ, ਤੇ ਪਾਪਾਂ ਤੋਂ ਧੋਤਾ ਹੈ, ਤੇ ਹੁਣ ਸਾਨੂੰ ਪਿਤਾ ਦੇ ਅੱਗੇ ਪੇਸ਼ ਕਰ ਰਿਹਾ ਹੈ, ਨਿਰਦੋਸ਼ ਯਿਸੂ ਮਸੀਹ ਵਿੱਚ। ਕਾਸ਼ ਕਿ ਅੱਜ ਰਾਤ ਤੂੰ ਆਵੇਂ ਤੇ ਵਚਨ ਨੂੰ ਲੈ ਕੇ ਤੇ ਦਿਲਾਂ ਦੇ ਲਈ ਇਹਨੂੰ ਖੋਲ੍ਹ ਦੇਵੇ। ਹੋਣ ਦੇ ਕਿ ਪਵਿੱਤਰ ਆਤਮਾ ਵਚਨ ਦੀ ਪਕੜ ਕਰੇ ਜਦ ਕਿ ਇਹ ਸਿਖਾਇਆ ਜਾਂਦਾ ਹੈ, ਤੇ ਹੋਣ ਦੇ ਕਿ ਇਹ ਆਪਣੇ ਨਿਸ਼ਾਨੇ ਤੇ ਸਿੱਧਾ ਜਾ ਸਕੇ। ਹਰੇਕ ਦਿਲ ਨੂੰ, ਮੇਰੇ ਦਿਲ ਦੇ ਅੰਦਰ ਅਤੇ ਸਭਾ ਦੇ ਦਿਲ ਦੇ ਅੰਦਰ। ਜਿਵੇਂ ਸਾਨੂੰ ਇਹਦੀ ਲੋੜ ਹੈ। ਪਿਤਾ, ਕਾਸ਼ ਕਿ ਇਹ ਬਖਸ਼ਿਆ ਜਾਵੇ। ਅਤੇ ਪਿਤਾ, ਜੇ ਕਦੇ ਮੈਂ ਕੁਝ ਆਖਾਂ ਜੋ ਕਿ ਤੇਰੀ ਅਗੁਵਾਈ ਦੇ ਵਿਰੁੱਧ ਹੋਵੇ ਤਾਂ ਹੋਣ ਦੇ ਕਿ ਪਵਿੱਤਰ ਆਤਮਾ ਮੇਰੇ ਮੂੰਹ ਨੂੰ ਬੰਦ ਕਰ ਦੇਵੇ। ਮੈਂ ਤਾਂ ਸਿਰਫ਼ ਸੱਚ ਨੂੰ ਹੀ ਜਾਨਣ ਦੀ ਚਾਹ ਕਰਦਾ ਹਾਂ ਤੇ ਫਿਰ ਉਹਦੇ ਉੱਤੇ ਚੱਲਣ ਦੀ।

7 ਹੁਣ ਸਾਨੂੰ ਸਾਰਿਆਂ ਨੂੰ ਬਰਕਤ ਦੇ, ਸਾਡੇ ਪਾਪ ਸਾਨੂੰ ਮਾਫ ਕਰ। ਜਿਵੇਂ ਕਿ ਅਸੀਂ ਇਸ ਉਪਾਸਨਾ ਦੇ ਘਰ ਵਿੱਚ ਇਕੱਠੇ ਹੋਏ ਹਾਂ। ਅਤੇ ਹੋਣ ਦੇ ਕਿ ਸਾਡੇ ਪਾਪ ਤੇਰੇ ਲਹੂ ਦੇ ਥੱਲੇ ਹੋਣ, ਇਸ ਸਮੇਂ ਸਾਡੇ ਆਤਮੇ ਠੀਕ ਢੰਗ ਦੇ ਉਪਾਸਨਾ ਵਾਲੇ ਵਤੀਰੇ ਵਿੱਚ ਲਿਆਂਦੇ ਜਾਣ। ਅਸੀਂ ਇਹ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ, ਆਮੀਨ।

8 ਹੁਣ, ਮੈਂ ਇਸ ਛੋਟੇ ਕਾਗਜ ਦੇ ਟੁਕੜੇ ਬਾਰੇ ਸੋਚ ਰਿਹਾ ਸਾਂ। ਇੱਥੇ ਜਿਹਦੇ ਉੱਤੇ ਮੈਂ ਕਈ ਹਵਾਲੇ ਲਿਖੇ ਹੋਏ ਹਨ...ਜੋ ਇਹਦੇ ਸੰਬੰਧ ਵਿੱਚ ਹਨ, ਸ਼ੁਰੂ ਕਰਨ ਲਈ ਇਹ ਪੜ੍ਹਨੇ ਹਨ। ਅਤੇ ਹੁਣ ਜਦ ਮੈਂ ਇੱਥੇ ਪਹੁੰਚ ਗਿਆ ਹਾਂ ਇਸ ਤਰ੍ਹਾਂ ਲੱਗਦਾ ਹੈ ਕਿ ਮੈਨੂੰ ਇਸਦੀ ਕੋਈ ਵੀ ਪੜ੍ਹਨ ਦੀ ਲੋੜ ਨਹੀਂ ਹੈ। ਚਾਰ ਜਾਂ ਪੰਜ ਛੋਟੇ ਵਿਸ਼ੇ ਹਨ ਜਿਹਨਾਂ ਤੋਂ ਆਰੰਭ ਕਰਨਾ ਹੈ।

9 ਪਰ ਮੈਂ ਇਹਨੂੰ ਪੜ੍ਹਨਾ ਅਤੇ ਪਹਿਲਾਂ ਕਹਿਣਾ ਚਾਹੁੰਦਾ ਹਾਂ ਕਿ ਬੋਲਦੇ ਹੋਏ ਮੈਂ ਕਦੇ ਵੀ ਕੋਈ ਵਿਚਾਰ ਨਹੀਂ ਲੈਂਦਾ। ਤੁਸੀਂ ਜਾਣਦੇ ਹੋ, ਸ਼ਾਇਦ ਜਿਸ ਤਰ੍ਹਾਂ...ਤੁਸੀਂ ਕਰਦੇ ਹੋ ਮੈਂ ਕਦੇ ਵੀ ਇਸ ਤਰ੍ਹਾਂ ਯੋਜਨਾ ਨਹੀਂ ਬਣਾਉਂਦਾ ਕਿ ਕੀ ਆਖਣਾ ਹੈ? ਸਮਝੇ, ਇੱਕ ਚੀਜ ਵੀ ਨਹੀਂ। ਮੈਂ ਤਾਂ ਉਹਦੇ ਲਈ ਉਡੀਕਦਾ ਹਾਂ। ਤੇ ਜਿਸ ਤਰ੍ਹਾਂ ਮੈਂ ਇਸਨੂੰ ਵੇਖਦਾ ਹਾਂ, ਤੇ ਮੈਂ ਇਹਨੂੰ ਜਾ ਕੇ ਲੈ ਲੈਂਦਾ ਹਾਂ, ਅਤੇ ਪ੍ਰਚਾਰ ਕਰ ਦਿੰਦਾ ਹਾਂ। ਤੇ ਕਦੇ ਕਦੇ ਇਹ ਥੋੜ੍ਹਾ ਸਖਤ ਹੁੰਦਾ ਹੈ। ਕਦੇ ਕਦੇ, ਪਰ ਇਹ ਤਾਂ ਸਿਰਫ਼ ਇਹੋ ਹੀ ਤਰੀਕਾ ਹੈ ਜਿਹਦੇ ਨਾਲ ਮੈਂ ਇਹਨੂੰ ਪਾਉਂਦਾ ਹਾਂ। ਤੇ ਇਹੋ—ਇਹੋ ਹੀ ਤਰੀਕਾ ਹੈ ਜਿਹਦੇ ਨਾਲ ਮੈਂ ਇਹਨੂੰ ਦੇ ਸਕਦਾ ਹਾਂ।

10 ਹੁਣ, ਇਹਦੇ ਵਿੱਚ...ਮੈਂ ਫਿਰ ਦੁਬਾਰਾ ਅੱਜ ਰਾਤ ਆਖਦਾ ਹਾਂ। ਹੁਣ ਇਹ ਤਾਂ ਕਿਸੇ ਇਕੱਲੇ ਜਣੇ ਦੀ ਵੱਲ ਜਾਂ ਕਿਸੇ ਦੇ ਧਰਮ ਦੀ ਵੱਲ ਇਸ਼ਾਰਾ ਕਰਕੇ ਨਹੀਂ ਬੋਲਿਆ ਜਾਂਦਾ ਹੈ। ਸਮਝੇ ਬਿਲਕੁਲ ਵੀ ਨਹੀਂ। ਅਸੀਂ ਇਹਦੇ ਵਿੱਚ ਵਿਸ਼ਵਾਸ ਨਹੀਂ ਰੱਖਦੇ। ਅਸੀਂ ਯਕੀਨ ਕਰਦੇ ਹਾਂ ਕਿ ਅਸੀਂ ਸੱਚੇ ਅਮਰੀਕਨ ਹਾਂ। ਹਰੇਕ ਆਦਮੀ ਦੀ ਇਹ ਖੁਸ਼ਕਿਸਮਤੀ ਹੈ ਕਿ ਉਹ ਪਰਮੇਸ਼ਵਰ ਦੀ ਉਪਾਸਨਾ ਆਪਣੇ ਅੰਤਹਕਰਨ ਦੇ ਅਨੁਸਾਰ ਕਰ ਸਕਦਾ ਹੈ। ਅਤੇ ਅਸੀਂ ਇਸਨੂੰ ਹਮੇਸ਼ਾ ਹੀ ਇੰਝ ਚਾਹੁੰਦੇ ਹਾਂ। ਪਰ ਹਰੇਕ ਕਲੀਸੀਆ ਵਿੱਚ ਉਹਨਾਂ ਦੀ ਆਪਣੀ ਤਾਲੀਮ ਹੈ।

11 ਕਈ ਵਾਰ, ਜਥੇਬੰਦੀਆਂ ਵਿੱਚ, ਮਿਸ਼ਨਾਂ ਦੇ ਵਿੱਚ, ਉਹਨਾਂ ਦਾ ਅਪਣਾ ਅੱਕੀਦਾ ਹੈ। ਅਤੇ ਉਹ ਇਸ ਅੱਕੀਦੇ ਤੇ ਟਿਕੇ ਰਹਿੰਦੇ ਹਨ, “ਇਹ ਸਾਡਾ ਅੱਕੀਦਾ ਹੈ”। ਕੋਈ ਪਰਵਾਹ ਨਹੀਂ ਸੇਵਾਦਾਰ ਕੀ ਸੋਚਦਾ ਹੈ, ਉਹਨੂੰ ਤਾਂ ਅੱਕੀਦੇ ਦਾ ਹੀ ਪ੍ਰਚਾਰ ਕਰਨਾ ਪਵੇਗਾ, ਕਿਉਂਕਿ ਉਹ ਮਿਸ਼ਨ ਦੇ ਵਿੱਚ ਹੈ।

12 ਅਤੇ ਇੱਥੇ ਸਾਡੇ ਕੋਲ ਕੋਈ ਅੱਕੀਦਾ ਨਹੀਂ ਹੈ, ਪਰ ਮਸੀਹ ਹੈ। ਇਹੋ ਹੀ ਸਾਡਾ ਅੱਕੀਦਾ ਹੈ। ਕੋਈ ਬਿਵਸਥਾ ਨਹੀਂ ਪਰ ਪ੍ਰੇਮ। ਕੋਈ ਪੁਸਤਕ ਨਹੀਂ ਪਰ ਬਾਈਬਲ। ਅਤੇ ਮਸੀਹ ਸਿਰ ਹੈ; ਤੇ ਬਾਈਬਲ ਸਾਡੇ ਮੂਲਪਾਠ ਦੀ ਕਿਤਾਬ ਹੈ; ਅਤੇ ਸੰਸਾਰ ਮੇਰਾ ਗਿਰਜਾ ਹੈ। ਅਤੇ ਜਿਸ ਤਰ੍ਹਾਂ ਮੈਨੂੰ ਅਗੁਵਾਈ ਹੁੰਦੀ ਹੈ

ਉਸੇ ਤਰ੍ਹਾਂ ਹੀ ਪ੍ਰਚਾਰ ਕਰਨਾ ਚਾਹੁੰਦਾ ਹਾਂ, ਤੇ ਉਸੇ ਹੀ ਤਰੀਕੇ ਦੇ ਨਾਲ ਜਿਦਾਂ ਮੈਂ ਇਸਨੂੰ ਵੇਖਦਾ ਹਾਂ।

13 ਅਤੇ ਤਦ ਇਸ ਸਮੇਂ ਖਾਸ ਕਰਕੇ ਇਸ ਅਸਲੀ, ਖੁਰਦਰੇ, ਵੱਡਣ ਵਾਲੇ ਸੁਸਮਾਚਾਰ ਦੇ ਹਿੱਸੇ ਉੱਤੇ ਬੋਲਦੇ ਹੋਏ। ਪਰ ਤੁਸੀਂ ਜਾਣਦੇ ਹੋ ਇਹ ਨਿਆਂ ਦਾ ਘਰ ਹੈ। "ਨਿਆਂ ਸ਼ੁਰੂ ਹੁੰਦਾ ਹੈ" (ਕਿਥੋਂ?) "ਪਰਮੇਸ਼ਵਰ ਦੇ ਘਰੋਂ"। ਠੀਕ ਹੈ। ਇਹ ਉਹ ਥਾਂ ਹੈ ਜਿੱਥੇ ਨਿਆਂ ਸ਼ੁਰੂ ਹੁੰਦਾ ਹੈ। ਅਤੇ ਉੱਥੇ...ਜੇ ਤੁਸੀਂ ਇੱਥੇ ਕਚਿਹਰੀ ਵਿੱਚ ਜਾਓ, ਤੇ ਤੁਹਾਡਾ ਮੁਕੱਦਮਾ ਹੋਵੇ, ਉਹਨਾਂ ਦੇ ਕੋਲ ਇੱਕ ਬਿਵਸਥਾ ਦੀ ਕਿਤਾਬ ਹੈ। ਉਹਨਾਂ ਨੇ ਇਸ ਕਾਨੂੰਨ ਨੂੰ ਪੜ੍ਹਨਾ ਹੈ। ਇਹ ਲੱਭਣ ਦੇ ਲਈ ਕਿ ਤੁਹਾਨੂੰ ਕਿਸ ਲਈ ਨਿਆਂ ਕੀਤਾ ਜਾ ਰਿਹਾ ਹੈ। ਅਤੇ ਇਹੋ ਹੀ ਤਰੀਕਾ ਹੈ ਪਰਮੇਸ਼ਵਰ ਦੇ ਘਰ ਦਾ। ਅਸਾਂ ਇਹਨੂੰ ਪਰਮੇਸ਼ਵਰ ਦੇ ਘਰੋਂ ਲੈਣਾ ਹੈ।

14 ਅਤੇ ਹੁਣ ਕਈ ਵਾਰ ਇਹਨਾਂ ਗੱਲਾਂ ਵਿੱਚ, ਤੁਸੀਂ ਇਹਨੂੰ ਪੱਕੀ ਤਰ੍ਹਾਂ ਸਮਝ ਲਓ। ਮੈਂ ਗਲਤ ਵੀ ਹੋ ਸਕਦਾ ਹਾਂ। ਮੇਰੀ ਵਿਆਖਿਆ ਗਲਤ ਵੀ ਹੋ ਸਕਦੀ ਹੈ। ਪਰ ਮੈਂ ਤਾਂ ਇਹਨੂੰ ਇੰਨਾਂ ਨਜਦੀਕੀ ਤੋਂ ਪੜ੍ਹਨਾ ਚਾਹੁੰਦਾ ਹਾਂ, ਅਤੇ ਉਡਾ ਹੀ ਕਹਿਣਾ ਚਾਹੁੰਦਾ ਹਾਂ। ਜਿਦਾਂ ਇਹ ਆਖਦਾ ਹੈ। ਬਸ ਠੀਕ ਲਿਖਤਾਂ ਦੇ ਨਾਲ ਟਿਕੇ ਰਹੋ, ਆਖਣ ਲਈ ਕਿ ਇਹ ਕੀ ਆਖਦੀਆਂ ਹਨ।

15 ਅਤੇ ਹੁਣ ਇਹ ਤਾਂ ਬਹੁਤ ਬੁਰੀ ਗੱਲ ਹੈ, ਜਾਂ...ਹੋ ਸਕਦਾ ਹੈ ਕਿ ਪਰਮੇਸ਼ਵਰ ਦੀ ਮਰਜੀ ਨਹੀਂ ਹੈ। ਅਤੇ ਹੋ ਸਕਦਾ ਹੈ ਕਿ ਕੀ ਇਹ ਹੈ, ਮੈਂ ਨਹੀਂ ਜਾਣਦਾ। ਮੈਂ ਤਾਂ ਹਫਤਿਆਂ ਬੱਧੀ ਇਸ ਪੁਸਤਕ ਵਿੱਚ, ਟਿਕਿਆ ਰਹਿਣਾ ਚਾਹੁੰਦਾ ਹਾਂ। ਅਤੇ ਗੌਹ ਕਰੋ ਕਿ ਇਹ ਠੀਕ ਵਾਪਿਸ ਦਾਨੀਏਲ ਦੀ ਪੁਸਤਕ ਵਿੱਚ ਪਹੁੰਚ ਜਾਂਦਾ ਹੈ ਦਾਨੀਲ ਅਤੇ ਪ੍ਰਕਾਸ਼ ਦੀ ਪੋਥੀ। ਅਤੇ ਫਿਰ ਨਬੀਆਂ ਦੇ ਨਾਲ ਜੁੜਦਾ ਹੈ।

16 ਅਤੇ ਸਾਰੇ ਦਾ ਹੀ ਪਰਮੇਸ਼ਵਰ ਦਾ ਵਚਨ, ਹਰੇਕ ਲਿਖਤ ਠੀਕ ਇਕੱਠੀ ਜੁੜਦੀ ਹੈ। ਛਿਆਠ ਕਿਤਾਬਾਂ ਕਈ ਮਨੁੱਖਾਂ ਨੇ ਲਿਖੀਆਂ ਤੇ ਕਈ ਸੈਂਕੜੇ ਸਾਲਾਂ ਦੇ ਵਕਫ਼ੇ ਵਿੱਚ, ਤੇ ਇੱਕ ਵੀ ਲਿਖਤ ਦੂਜੇ ਦਾ ਵਿਰੋਧ ਨਹੀਂ ਕਰਦੀ, ਇੱਕ ਵੀ ਨਹੀਂ। ਉਹਨਾਂ ਵਿੱਚੋਂ ਹਰੇਕ ਸੰਪੂਰਨ ਹੈ। ਕਦੇ ਵੀ ਕੋਈ ਸਾਰੇ ਸੰਸਾਰ ਵਿੱਚ ਇਦਾਂ ਦਾ ਸਾਹਿਤ ਨਹੀਂ ਲਿਖਿਆ ਗਿਆ।

17 ਅਤੇ ਉਹ ਦੋ ਹਜਾਰ ਸਾਲ ਸਾਲ ਤੋਂ ਯਤਨ ਕਰ ਰਹੇ ਹਨ ਪ੍ਰਭੂ ਦੀ ਪ੍ਰਾਰਥਨਾ ਨੂੰ ਬਦਲਣ ਦਾ। ਇਸ ਨੂੰ ਵਧੀਆ ਬਣਾਉਣ ਲਈ ਇੱਕ ਸ਼ਬਦ ਜੋੜਨ ਜਾਂ ਘਟਾਉਣ ਦਾ ਯਤਨ ਕਰ ਰਹੇ ਹਨ। ਪਰ ਤੁਸੀਂ ਇੰਝ ਕਰ ਹੀ ਨਹੀਂ ਸਕਦੇ। ਔਹ ਇਹ ਸੰਪੂਰਨ ਹੈ। ਇਹ ਪਰਮੇਸ਼ਵਰ ਦਾ ਵਚਨ ਹੈ।

18 ਅਤੇ ਮੈਂ ਯਕੀਨ ਕਰਦਾ ਹਾਂ ਕਿ ਬਾਈਬਲ-ਪਰਮੇਸ਼ਵਰ ਦਾ ਪ੍ਰੇਰਣਾ ਪਾਇਆ ਹੋਇਆ ਵਚਨ। ਇਹਦਾ ਹਰੇਕ ਵਚਨ ਪ੍ਰੇਰਣਾ ਪੂਰਣ ਹੈ। ਮੈਂ ਇਹ ਯਕੀਨ ਨਹੀਂ ਕਰਦਾ ਕਿ *ਇਹ* ਪ੍ਰੇਰਣਾ ਪਾਇਆ ਹੋਇਆ ਹਿੱਸਾ ਨਹੀਂ ਹੈ। *ਇਹ* ਜਾਂ *ਉਹ* ਹੈ। ਮੈਂ ਯਕੀਨ ਕਰਦਾ ਹਾਂ ਕਿ ਇਹ ਸਾਰਾ ਪ੍ਰੇਰਣਾ ਪਾਇਆ ਹੋਇਆ ਹੈ। ਜਾਂ ਤਾਂ ਇਹ ਸਾਰਾ ਗਲਤ ਹੈ ਨਹੀਂ ਤਾਂ ਸਾਰਾ ਠੀਕ ਹੈ; ਅਤੇ ਜੇ ਇਹ ਸਾਰਾ ਰਲਿਆ ਮਿਲਿਆ ਹੋਇਆ ਹੈ, ਤਾਂ ਅਸੀਂ ਨਹੀਂ ਜਾਣਦੇ ਕਿ ਕੀ ਕਰਨਾ ਹੈ। ਪਰ ਇਹ ਤਾਂ ਸਾਰੇ ਦਾ ਸਾਰਾ ਹੀ ਸੱਚਾਈ ਹੈ। ਮੈਂ ਆਪਣੇ ਜੀਵਨ ਦੀ ਕੁਰਬਾਨੀ ਕਿਸੇ ਵੀ ਪਲ ਦੇਣ ਲਈ ਚਾਹਵੰਦ ਹਾਂ। ਕਿਉਂਕਿ **ਯਹੋਵਾਹ ਇੰਝ ਫ਼ਰਮਾਉਂਦਾ** ਹੈ ਇੱਥੇ ਹੈ।

19 ਹੁਣ ਉਹਨਾਂ ਦੇ ਕੋਲ ਕੁਝ ਰਾਤਾਂ ਹਨ, ਅਤੇ ਅਸੀਂ ਸ਼ਨੀਵਾਰ ਦੀ ਰਾਤ ਨੂੰ ਵੀ ਸਭਾ ਲਾਵਾਂਗੇ। ਅਤੇ ਬਸ ਇਦਾਂ ਹੀ ਚੱਲਦਾ ਰਹੇਗਾ…

20 ਕਲੀਸੀਆ ਦੇ ਕੁਝ ਭਾਈਆਂ ਨੇ ਆਖਿਆ ਕਿ…ਐਤਵਾਰ ਦੀ ਸਵੇਰ ਗਿਰਜੇ ਆਉਣ ਤੇ ਗਿਰਜਾ ਗੰਦਾ ਪਿਆ ਹੋਵੇਗਾ, ਕਈ ਭਾਈਆਂ ਨੇ ਆਖਿਆ ਕਿ ਉਹ ਸ਼ਨੀਵਾਰ ਦੀ ਰਾਤ ਨੂੰ ਬੰਦਗੀ ਤੋਂ ਬਾਅਦ ਉੱਥੇ ਹੀ ਰਹਿਣਗੇ, ਤੇ ਗਿਰਜੇ ਨੂੰ ਸਾਫ ਕਰਨ ਵਿੱਚ ਮੱਦਦ ਕਰਨਗੇ। ਤਾਂ ਕਿ ਲੋਕਾਂ ਨੂੰ ਗਿਰਜਾ ਸਾਫ ਕਰਨ ਲਈ ਐਤਵਾਰ ਦੀ ਸਵੇਰ ਨਾ ਆਉਣਾ ਪਵੇ ਜਾਂ ਫਿਰ…ਉਹਨਾਂ ਨੂੰ ਐਤਵਾਰ ਦੀ ਸਵੇਰ ਗਿਰਜੇ ਵਿੱਚ ਚੀਜਾਂ ਠੀਕ ਠਾਕ ਨਹੀਂ ਕਰਨੀਆਂ ਪੈਣਗੀਆਂ। ਅਤੇ ਅਸੀਂ…ਅਸੀਂ ਚਾਹੁੰਦੇ ਹਾਂ…ਮੈਂ ਸਬਤ ਨੂੰ ਮੰਨਣ ਵਾਲਾ ਤਾਂ ਨਹੀਂ ਹਾਂ, ਪਰ ਮੈਂ ਤਦ ਉਪਾਸਨਾ ਦੀ ਕਦਰ ਜਿੰਨੀ ਵੀ ਕਰ ਸਕਦਾ ਹਾਂ ਕਰਨੀ ਚਾਹੁੰਦਾ ਹਾਂ।

21 ਅਤੇ, ਤਦ, ਮੈਂ ਸੋਚਦਾ ਹਾਂ ਕਿ ਕੁਝ ਰਾਤ ਇਹਦਾ ਏਲਾਣ ਕਰਾਂਗਾ ਜੇ ਹੋ ਸਕਿਆ ਤੇ ਪ੍ਰਭੂ ਨੇ ਚਾਹਿਆ ਕਿ ਅਸੀਂ ਸ਼ਨੀਵਾਰ ਦੀ ਰਾਤ ਕੀ ਬੋਲਾਂਗੇ।

22 ਹੁਣ ਅੱਜ ਰਾਤ ਹੈ; *ਦਰਿੰਦੇ ਦਾ ਨਿਸ਼ਾਨ*। ਅਤੇ ਕਲ ਰਾਤ; *ਪਰਮੇਸ਼ਵਰ ਦੀ ਮੋਹਰ*। ਅਤੇ ਉਹ ਦੋਵੇਂ…ਇਹ ਦੋਵੇਂ ਹੀ ਮੇਰਾ ਅੰਦਾਜਾ ਹੈ ਕਿ ਸਭ ਤੋਂ ਜਿਆਦਾ ਮਹੱਤਵਪੂਰਨ ਵਿਸ਼ੇ ਹਨ ਇਸ ਸਮੇਂ ਦੇ ਵਿੱਚ ਬੋਲੇ ਜਾਣ ਦੇ ਲਈ। ਕਿਉਂਕਿ ਮੈਂ ਸੱਚੇ ਤੌਰ ਤੇ ਨਿਹਚਾ ਕਰਦਾ ਹਾਂ ਕਿ ਅਸੀਂ ਪਰਮੇਸ਼ਵਰ ਦੀ ਜਾਂਚ ਪੜਤਾਲ ਕਰਨ ਵਾਲੇ ਨਿਆਂ ਦੇ ਸਮੇਂ ਵਿੱਚ ਰਹਿ ਰਹੇ ਹਾਂ। ਮੇਰਾ ਯਕੀਨ ਹੈ ਕਿ ਅਸੀਂ ਠੀਕ ਇਹਦੇ ਸਮੇਂ ਵਿੱਚ ਪਾਏ ਜਾਂਦੇ ਹਾਂ। ਅਸੀਂ ਸਿਧਾਂਤਕ ਨਹੀਂ ਹੋਣਾ ਚਾਹੁੰਦੇ। ਅਤੇ ਨਾ ਹੀ ਅਸੀਂ ਕੱਟੜਵਾਦੀ ਹੋਣਾ ਚਾਹੁੰਦੇ ਹਾਂ। ਅਸੀਂ ਤਾਂ ਇਹਦੀ ਉਨ੍ਹੀਂ ਹੀ ਹੋਸ਼ ਨਾਲ ਵਧਣਾ ਚਾਹੁੰਦੇ ਹਾਂ, ਜਿਦਾਂ ਕਿ ਬਾਈਬਲ ਇੱਥੇ ਬੋਲਦੀ ਹੈ। ਅਤੇ ਇਹ ਬੇਸ਼ੱਕ ਸੰਪੂਰਨ ਹੈ।

23 ਇਹਦੇ ਕਰਨ ਵਿੱਚ ਅਸੀਂ ਬਹੁਤ ਸਾਰੇ ਲੋਕਾਂ ਨੂੰ ਦਰਿੰਦੇ ਦੇ ਨਿਸ਼ਾਨ ਦੇ ਬਾਰੇ ਵਿੱਚ ਗੱਲਬਾਤ ਕਰਦੇ ਸੁਣਦੇ ਹਾਂ। ਤੁਸੀਂ ਇਹਨੂੰ ਬਹੁਤ ਸਮੇਂ ਤੋਂ ਸੁਣਿਆ ਹੈ, "ਇਹ ਕੀ ਹੈ? ਕੌਣ ਇਹਨੂੰ ਕਰੇਗਾ? ਕਿੱਥੇ? ਕੌਣ ਇਹਨੂੰ ਲਵੇਗਾ? ਅਤੇ ਜੇ ਉਹਨਾਂ ਕੋਲ ਇਹ ਹੋਵੇ, ਤਾਂ ਉਹ ਇਹਦੇ ਨਾਲ ਕੀ ਕਰਨਗੇ? ਕੀ? ਕੀ? ਕੀ ਇਹ ਤੁਹਾਨੂੰ ਨੁਕਸਾਨ ਦੇ ਸਕਦਾ ਹੈ? ਕੀ—ਕੀ ਇਸ ਨਾਲ ਕੋਈ ਨੁਕਸਾਨ ਹੈ?"

24 ਠੀਕ ਹੈ, ਇਹੋ ਹੀ, ਅਸੀਂ—ਅਸੀਂ ਪਰਮੇਸ਼ਵਰ ਦੇ ਵਚਨ ਵਿੱਚੋਂ ਲੱਭਣਾ ਚਾਹੁੰਦੇ ਹਾਂ। ਪਹਿਲੀ ਗੱਲ, "ਬਾਈਬਲ ਵਿੱਚ ਦਰਿੰਦੇ ਦੇ ਨਿਸ਼ਾਨ ਬਾਰੇ ਕੁਝ ਆਖਿਆ ਗਿਆ ਹੈ" ਅਤੇ ਅਗਲੀ ਗੱਲ, "ਕਿਹੜੇ ਯੁੱਗ ਦੇ ਲਈ ਇਹ ਹੋਵੇਗਾ। ਉਹ ਕਿਹੜੇ ਲੋਕ ਹੋਣਗੇ ਜਿਹੜੇ ਇਸਨੂੰ ਲੈਣਗੇ? ਅਤੇ ਤੁਸੀਂ ਕੀ ਕਰੋਗੇ? ਕੀ ਇਹ ਤੁਹਾਡੇ ਉੱਤੇ ਲੱਗ ਚੁੱਕੀ ਹੋਵੇਗੀ ਅਤੇ ਤੁਹਾਨੂੰ ਪਤਾ ਹੀ ਨਹੀਂ ਹੋਵੇਗਾ?" ਅਤੇ ਹੋਰ ਹੋਰ ਅਤੇ ਇਦਾਂ ਦੇ ਪ੍ਰਸ਼ਨ। ਅਤੇ ਮੇਰੀ ਚੰਗੀ ਤੋਂ ਚੰਗੀ ਸਮਝ ਦੇ ਅਨੁਸਾਰ ਕਿ ਇਹ ਦੋ ਵਿਸ਼ੇ ਸਭ ਤੋਂ ਵਧੇਰੇ ਜਰੂਰੀ ਹਨ, ਜਿਹਨਾਂ ਦੇ ਬਾਰੇ ਮੈਂ ਬਾਈਬਲ ਵਿੱਚੋਂ ਸੋਚ ਸਕਦਾ ਹਾਂ। *ਦਰਿੰਦੇ ਦਾ ਨਿਸ਼ਾਨ* ਅਤੇ *ਪਰਮੇਸ਼ਵਰ ਦੀ ਮੋਹਰ*।

25 ਹੁਣ, ਪਹਿਲੀ ਗ਼ਲ ਮੇਰੇ ਕੋਲ ਇੱਥੇ ਲਿਖਤ ਹੈ, ਵਿਖਾਉਣ ਲਈ ਲਿਖ ਲਈ ਸੀ...ਤਾਂ ਕਿ ਇਹਦੀ ਵੱਲ ਮੁੜ ਸਕਾਂ ਤੇ ਉਹ ਹੈ ਸੰਤ...ਸ਼ੁਰੂ ਕਰ ਤੇ ਆਓ ਵੇਖੀਏ ਕਿ ਦਰਿੰਦੇ ਦਾ ਨਿਸ਼ਾਨ ਕੀ ਹੈ। ਅਤੇ ਕੀ ਇਹ ਖਤਰਨਾਕ ਗੱਲ ਹੈ ਇਸ ਨਿਸ਼ਾਨ ਨੂੰ ਲੈਣਾ। ਕੀ ਇਹ ਹੈ? ਹੁਣ ਪ੍ਰਕਾਸ਼ ਦੀ ਪੋਥੀ 14ਵਾਂ ਅਧਿਆਏ, 9ਵੀਂ ਆਇਤ, ਇਹ ਤੀਜੇ ਦੂਤ ਦਾ ਸੰਦੇਸ਼ ਹੈ।

26 ਮੈਂ ਭਾਈ ਸਟੈਨਲੇ ਨੂੰ ਅਤੇ ਦੋ ਤਿੰਨ ਹੋਰ ਸੇਵਾਦਾਰਾਂ ਨੂੰ ਇੱਥੇ ਬੈਠੇ ਹੋ ਵੇਖਦਾ ਹਾਂ। ਅਤੇ ਕਲ ਰਾਤ ਕੁਝ ਭਾਈ ਬੈਪਟਿਸਟ ਸੈਮਨਰੀ ਜੋ ਕੁਝ ਲੂਸਵਿਲ ਵਿੱਚ ਉੱਥੋਂ ਇੱਥੇ ਆਏ ਹੋਏ ਸਨ, ਤੇ ਸ਼ਾਇਦ ਕੁਝ ਅੱਜ ਸ਼ਾਮ ਵੀ ਹਨ, ਮੈਂ ਨਹੀਂ ਜਾਣਦਾ। ਇੱਥੇ ਸ਼ਾਇਦ ਮੇਥੋਡਿਸਟ, ਬੈਪਟਿਸਟ, ਕੈਥੋਲਿਕ ਅਤੇ ਹੋ ਸਕਦਾ ਹੈ ਕੱਟੜਵਾਦੀ ਯਹੂਦੀ ਵੀ ਹੋਣ, ਮੈਂ ਨਹੀਂ ਜਾਣਦਾ। ਪਰ ਇਹ...

27 ਇਹ ਕਿਸੇ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਦੇ ਲਈ ਨਹੀਂ ਹੈ; ਬਿਲਕੁਲ ਵੀ ਨਹੀਂ ਹੈ। ਅਤੇ ਇਹ ਤਾਂ ਉਹੋ ਹੀ ਢੰਗ ਹੈ...ਜਿਹਦੇ ਵਿੱਚ ਬਾਈਬਲ ਲਿਖੀ ਹੋਈ ਹੈ, ਇਹਨੂੰ ਪੜ੍ਹਨ ਲਈ ਤੇ ਤੁਸੀਂ ਖੁਦ ਇਸਨੂੰ ਵੇਖ ਸਕਦੇ ਹੋ। ਆਓ ਇਹਦੀ ਵੱਲ ਜਿੰਨ੍ਹੀ ਸਮਝ ਨਾਲ ਅਸੀਂ ਜਾਣਦੇ ਹਾਂ ਕਿੰਝ ਸਾਨੂੰ ਪਰਮੇਸ਼ਵਰ ਦੇ ਡਰ ਵਿੱਚ ਵੱਧਣਾ ਚਾਹੀਦਾ ਹੈ, ਇਹ ਜਾਣਦੇ ਹੋਏ ਕਿ ਉਹ ਸਾਨੂੰ ਸਾਡੇ ਸ਼ਬਦਾਂ ਦੇ ਲਈ ਜਿੰਮੇਦਾਰ ਠਹਿਰਾਏਗਾ ਅਥਵਾ ਸਾਡਾ ਨਿਆਂ ਕਰੇਗਾ। ਸਾਡੇ ਸ਼ਬਦ ਨਿਆਂ ਦੇ ਦਿਨ ਜਾਂ ਤਾਂ ਸਾਨੂੰ ਬਰਕਤ ਦੇਣਗੇ ਜਾਂ ਦੋਸ਼ੀ ਠਹਿਰਾਉਣਗੇ।

28 ਅਤੇ ਜੇ ਮੈਂ ਮਹਿਸੂਸ ਕਰਾਂ ਕਿ ਮੈਂ ਸਭ ਕੁਝ ਜਾਣਦਾ ਹਾਂ, ਤੇ ਇਹ ਨ ਦੱਸਾਂ ਤਾਂ ਖੁਦਾ ਮੈਨੂੰ ਨਿਆਂ ਦੇ ਦਿਨ ਇਹਦਾ ਭੁਗਤਾਨ ਦੇਵੇਗਾ; ਆਤਮੇ ਆਪਣੇ ਹੱਥਾਂ ਨਾਲ, ਆਖਣਗੇ, "ਭਾਈ ਬ੍ਰਾਨਹਮ ਜੇ ਤੂੰ ਸਾਨੂੰ ਦੱਸਿਆ ਹੁੰਦਾ ਤਾਂ ਅੱਜ ਸਾਡੀ ਇਹ ਦਸ਼ਾ ਨਾ ਹੁੰਦੀ"।

29 ਮੈਂ ਪੁਰਾਣੇ ਸਮੇਂ ਦੇ ਪੌਲੁਸ ਵਾਂਗ ਖਲੌਣਾ ਚਾਹੁੰਦਾ ਹਾਂ, "ਮੈਂ ਸਭ ਮਨੁੱਖਾਂ ਦੇ ਲਹੂ ਤੋਂ ਬਰੀ ਹਾਂ। ਮੈਂ ਤੁਹਾਨੂੰ ਪਰਮੇਸ਼ਵਰ ਦੀ ਸਾਰੀ ਮਨਸਾ ਦੱਸਣ ਤੋਂ ਨਹੀਂ ਝਕਿਆ"। ਇਹ ਠੀਕ ਹੈ, ਬਦ ਉਦਾਂ ਹੀ ਜਿਦਾਂ ਮੈਂ ਇਹਨੂੰ ਵੇਖਦਾ ਹਾਂ; ਜੇ ਮੈਂ ਗਲਤ ਹੋਵਾਂ ਤਾਂ ਖੁਦਾ ਮੈਨੂੰ ਮਾਫ ਕਰੇ। ਇਹ ਗੱਲਾਂ ਕਦੇ ਨਹੀਂ ਹੁੰਦੀਆਂ... ਮੈਂ ਕਦੇ ਵੀ ਕਿਸੇ ਸੈਮੀਨਰੀ ਵਿੱਚ ਨਹੀਂ ਗਿਆ ਨਾ ਹੀ ਕਿਸੇ ਸਕੂਲ ਵਿੱਚ ਗਿਆ ਤੇ ਨਾ ਹੀ ਕਦੇ ਕਿਸੇ ਦੇ ਵਚਨ ਇਹਦੇ ਲਈ ਲਏ ਹਨ। ਮੈਂ ਤਾਂ ਪ੍ਰਾਰਥਨਾ ਦੇ ਨਾਲ ਸਿੱਧਾ ਬਾਈਬਲ ਦੀ ਵੱਲ ਗਿਆ ਹਾਂ। ਅਤੇ ਇਹ ਮੈਨੂੰ ਰੱਬੀ ਢੰਗ ਦੇ ਨਾਲ ਪਵਿੱਤਰ ਆਤਮਾ ਨੇ ਪ੍ਰਕਾਸ਼ਿਤ ਕੀਤਾ ਹੈ। ਉਹੋ ਹੀ ਪ੍ਰਭੂ ਦਾ ਦੂਤ ਜਿਹੜਾ ਮੈਨੂੰ ਦਰਸ਼ਨ ਅਤੇ ਹੋਰ ਹੋਰ ਇਸ ਤਰ੍ਹਾਂ ਵੇਖਣ ਲਈ ਨਿਰਦੇਸ਼ ਦਿੰਦਾ ਹੈ ਅਤੇ ਬਿਮਾਰੀ ਦੀ ਚੰਗਾਈ ਦਾ ਵੀ। ਤੁਸੀਂ ਇਹਨੂੰ ਜਾਂਚ ਸਕਦੇ ਹੋ ਇਹਦੇ ਦੁਆਰਾ ਕਿ ਕੀ ਇਹ ਸੱਚ ਹੈ ਜਾਂ ਨਹੀਂ।

30 ਹੁਣ, ਇਹ ਤੀਜੇ ਦੂਤ ਦਾ ਸੰਦੇਸ਼, ਸੰਸਾਰ ਦੇ ਲਈ ਹੈ। ਅਤੇ ਤੁਸੀਂ ਜਾਣਦੇ ਹੋ ਕਿ ਤੀਜੇ ਦੂਤ ਦਾ ਸੰਦੇਸ਼ ਇਸ ਸਮੇਂ ਵਿੱਚ ਹੁਣ ਚੱਲ ਰਿਹਾ ਹੈ। ਇਹ ਤੀਜੇ ਦੂਤ ਦੇ ਸੰਦੇਸ਼ ਦਾ ਉੱਡਣਾ ਹੈ, ਜੇ ਤੁਸੀਂ ਬਾਈਬਲ ਦੇ ਪਾਠਕ ਹੋ।

31 ਤਿੰਨ ਬਵਾਂ ਇਹਦੇ ਪਿੱਛੇ ਆਈਆਂ। ਪਹਿਲੀ ਬਵਾ ਪਹਿਲੇ ਵਿਸ਼ਵ ਯੁੱਧ ਵਿੱਚ ਪਈ। ਦੂਜੀ ਬਵਾ ਦੂਜੇ ਵਿਸ਼ਵ ਯੁੱਧ ਵਿੱਚ ਪਈ। ਤੁਸੀਂ ਜਾਣਦੇ ਹੋ ਕਿ ਅਸੀਂ ਕਾਹਦੇ ਲਈ ਅੰਦਰ ਜਾ ਰਹੇ ਹਾਂ। ਠੀਕ ਹੈ, ਅਸੀਂ ਮਾਰਗ ਦੇ ਅੰਤ ਤੇ ਹਾਂ।

32 ਹੁਣ ਆਓ ਅਸੀਂ ਇਸਨੂੰ ਆਪਣੇ ਮਨ ਵਿੱਚ ਲਈਏ, ਇਸ ਤੋਂ ਪਹਿਲਾਂ ਕਿ ਅਸੀਂ ਲਿਖਤਾਂ ਨੂੰ ਪੜ੍ਹੀਏ। ਸਥਾਨਕ ਤੌਰ ਤੇ ਅਸੀਂ ਯੁੱਗ ਦੇ ਅੰਤ ਵਿੱਚ ਹੋਣੇ ਚਾਹੀਦੇ ਹਾਂ। ਕਿੰਨਾ ਚਿਰ ਤਕ? ਮੈਂ ਨਹੀਂ ਜਾਣਦਾ, ਕੋਈ ਵੀ ਨਹੀਂ ਜਾਣਦਾ।

33 ਪਰ ਵੇਖੋ, ਆਓ ਇਸਨੂੰ ਲਈਏ ਇਤਿਹਾਸਿਕ ਢੰਗ ਨਾਲ ਬੋਲਦੇ ਹੋਏ। ਪਹਿਲੇ ਦੋ ਹਜਾਰ ਸਾਲ, ਸੰਸਾਰ ਦਾ ਪ੍ਰਬੰਧ ਅੰਤ ਦੇ ਉੱਤੇ ਪੁੱਜ ਗਿਆ ਤੇ ਪਰਮੇਸ਼ਵਰ ਨੇ ਸੰਸਾਰ ਨੂੰ ਪਾਣੀ ਦੇ ਨਾਲ ਨਾਸ਼ ਕੀਤਾ। ਤੁਸੀਂ ਇਹ ਜਾਣਦੇ ਹੋ? [ਸਭਾ ਆਖਦੀ ਹੈ, "ਆਮੀਨ"—ਸੰਪਾ] ਤਦ ਇਹ ਇੱਕ ਨਵਾਂ ਸੰਸਾਰ ਬਣ ਕੇ ਆਇਆ। ਤੇ ਦੂਜੇ ਦੋ ਹਜਾਰ ਸਾਲ ਫਿਰ ਦੁਬਾਰਾ ਆਪਣੇ ਅੰਤ ਉੱਤੇ ਆਣ ਪੁੱਜੇ, ਤੇ ਪਰਮੇਸ਼ਵਰ ਨੇ ਯਿਸੂ ਨੂੰ ਘੱਲਿਆ। ਕੀ ਇਹ ਠੀਕ ਹੈ?

[“ਆਮੀਨ”] ਤੇ ਇਹ ਅਗਲੇ ਦੋ ਹਜਾਰ ਸਾਲਾਂ ਦਾ ਅੰਤ ਹੈ 1954 “ਅਤੇ ਸੁਸਮਾਚਾਰ”, ਯਿਸੂ ਨੇ ਕਿਹਾ ਕਿ “ਦਿਨ ਘਟਾਏ ਜਾਣਗੇ” (ਕਾਹਦੇ ਲਈ?) “ਚੁਣਿਆਂ ਹੋਇਆਂ ਦੀ ਖਾਤਰ ਨਹੀਂ ਤਾਂ ਕੋਈ ਵੀ ਨਹੀਂ ਬਚੇਗਾ”। ਇੰਨਾਂ ਬੁਰਾ ਸਮਾਂ ਹੋਵੇਗਾ, ਅਸੀਂ ਅੰਤ ਦੇ ਸਮੇਂ ਵਿੱਚ ਹਾਂ। ਅਤੇ ਤਦ ਸੱਤਵਾਂ, ਨਮੂਨੇ ਦੇ ਤੌਰ ਤੇ, ਹਜਾਰ ਸਾਲ ਦਾ ਰਾਜ ਹੈ।

34 ਜਿਵੇਂ ਕਿ ਪਰਮੇਸ਼ਵਰ ਨੇ ਛੇ ਹਜਾਰ ਸਾਲ ਤਕ ਮਿਹਨਤ ਕੀਤੀ. “ਇੱਕ ਹਜਾਰ ਸਾਲ ਸੁਰਗ ਵਿੱਚ ਧਰਤੀ ਉੱਤੇ ਇੱਕ ਦਿਨ ਦੇ ਬਰਾਬਰ ਹੈ,” ਦੂਜਾ ਪਤਰਸ। ਸਮਝੇ? ਹੁਣ, ਅਤੇ ਪਰਮੇਸ਼ਵਰ ਨੇ ਇਸ ਸੰਸਾਰ ਨੂੰ ਛੇ ਹਜਾਰ ਸਾਲ ਵਿੱਚ ਬਣਾਇਆ। ਕਲੀਸੀਆ ਪਾਪ ਦੇ ਵਿਰੁੱਧ ਹੁਣ ਛੇ ਹਜਾਰ ਸਾਲ ਤਕ ਮਿਹਨਤ ਕਰਦੀ ਰਹੀ ਹੈ; ਅਤੇ ਸੱਤਵੇਂ ਹਜਾਰ ਸਾਲ ਵਿੱਚ ਪਰਮੇਸ਼ਵਰ ਨੇ ਆਰਾਮ ਕੀਤਾ, ਸੱਤਵੇਂ ਵਿੱਚ ਆਰਾਮ ਕੀਤਾ; ਅਤੇ ਹੁਣ ਹਜਾਰ ਸਾਲ ਵਾਂਗੂ, ਤੇ ਕਲੀਸੀਆ ਇੱਥੇ ਧਰਤੀ ਤੇ ਰਹਿਣ ਲਈ, ਇੱਥੇ ਸ਼ਰੀਰ ਦੇ ਰੂਪ ਵਿੱਚ, ਹਜਾਰ ਸਾਲਾਂ ਦੇ ਲਈ, ਬਿਨਾਂ ਕਿਸੇ ਬਿਮਾਰੀ, ਦੁਖ, ਤਕਲੀਫ ਜਾਂ ਮੌਤ। ਉਸ ਮਹਾਨ, ਹੁਣ ਸੁਨਹਿਰੀ ਯੁੱਗ ਆ ਰਿਹਾ ਹੈ! ਓਹ, ਮੈਨੂੰ ਉਹ ਗੀਤ ਪਸੰਦ ਹੈ:

> ਧਰਤੀ ਉਸ ਸੁਹਾਣੇ ਅਜਾਦੀ ਦੇ ਲਈ ਰੋ ਰਹੀ ਅਤੇ ਕਹਿਰ ਰਹੀ ਹੈ,
> ਜਦੋਂ ਯਿਸੂ ਧਰਤੀ ਤੇ ਦੁਬਾਰਾ ਆਏਗਾ। (ਮੈਂ ਉਸਨੂੰ ਪਸੰਦ ਕਰਾਂਗਾ)
> ਪਾਪ ਅਤੇ ਦੁਖ, ਦਰਦ ਅਤੇ ਇਸ ਹਨੇਰੇ ਦੀ ਮੌਤ ਵਿੱਚ ਦੁਨੀਆਂ ਖਤਮ ਹੋ ਜਾਏਗੀ,
> ਯਿਸੂ ਦੇ ਨਾਲ ਮਹਿਮਾ ਦੇ ਰਾਜ ਵਿੱਚ ਹਜਾਰ ਸਾਲ ਦੀ ਸ਼ਾਂਤੀ ਹੋਵੇਗੀ।

ਅਤੇ ਬਾਈਬਲ ਨੇ ਕਿਹਾ, “ਉਹਨਾਂ ਨੇ ਮਸੀਹ ਦੇ ਨਾਲ ਅਧਿਕਾਰ ਅਤੇ ਰਾਜ ਕੀਤਾ,” ਹਜਾਰ ਸਾਲ।

ਹੁਣ, ਇਸ ਤੀਜੇ ਦੂਤ ਦਾ ਸੰਦੇਸ਼, ਠੀਕ ਪਰਮੇਸ਼ਵਰ ਦੀ ਆਮਦ ਤੋਂ ਪਹਿਲਾਂ, ਜਦੋਂ ਮੋਹਰ ਅਤੇ ਮਾਰਕਾ ਲਾਇਆ ਜਾਂਦਾ ਹੈ। ਹੁਣ, ਇਹ ਮਹਾਨ ਘੇਰਾ, ਇੱਕ ਘੇਰਾ ਹੋਵੇਗਾ।

35 ਪੱਛਮ ਦੇ ਇਲਾਕੇ ਵਿੱਚ ਡੰਗਰਾਂ ਨੂੰ ਨਿਸ਼ਾਨੀ ਲਾਉਂਦੇ ਹੁੰਦੇ ਸਨ, ਜਦ ਮੈਂ ਬਾਹਰ ਜਾਂਦਾ ਹੁੰਦਾ ਸੀ ਮੈਂ ਕਰਦਾ ਹੁੰਦਾ ਸੀ। ਮੈਂ ਜਦੋਂ ਮੁੰਡਾ ਹੀ ਸਾਂ, ਉਦੋਂ ਦਾ ਜਾਂਦਾ ਸਾਂ। ਅਸੀਂ ਪਤਝੜ ਸਮੇਂ ਦੀਆਂ ਨਿਸ਼ਾਨੀਆਂ ਲਾਉਣ ਬਾਹਰ ਜਾਂਦੇ ਸਾਂ ਤੇ ਫਿਰ ਸਿਆਲ ਦੇ ਲਈ। ਪਹਾੜਾਂ ਤੋਂ ਡੰਗਰਾਂ ਨੂੰ ਹੇਠਾਂ ਹੁੰਦੇ ਸਾਂ। ਅਤੇ ਜਦ

ਅਸੀਂ ਸਾਰਿਆਂ ਡੰਗਰਾਂ ਨੂੰ ਇਕੱਠੇ ਕਰ ਲੈਂਦੇ ਸੀ ਸਭਨਾਂ ਥਾਵਾਂ ਤੋਂ ਜਿੰਨੇ ਵੀ ਅਸੀਂ ਲੱਭ ਸਕਦੇ ਹਾਂ, ਤਦ ਅਸੀਂ ਉਹਨਾਂ ਨੂੰ ਕੱਢ ਦਿੰਦੇ ਸੀ...ਜਿਹੜੇ ਸਾਡੇ ਨਹੀਂ ਸੀ ਹੁੰਦੇ। ਸਾਡੇ ਡੰਗਰਾਂ ਦੇ ਉੱਤੇ ਨਿਸ਼ਾਨੀ ਲੱਗੀ ਹੁੰਦੀ ਸੀ, ਉਹਨਾਂ ਦੇ ਉੱਤੇ ਸਾਡਾ ਮਾਰਕਾ ਹੁੰਦਾ ਸੀ। ਅਤੇ ਜੇ ਕਦੇ ਤੁਸੀਂ...

36 ਕੀ ਕਦੇ ਕਿਸੇ ਨੇ ਮਾਰਕੇ ਵਾਲੇ ਜਾਨਵਰ ਵੇਖੇ ਹਨ? ਤੇ ਇਹ ਬੜੀ ਡਾਢੀ ਚੀਜ ਹੈ ਉਹਨਾਂ ਨੂੰ ਡੰਗਰਾਂ ਉੱਤੇ ਮਾਰਕਾ ਲਾਉਂਦੇ ਵੇਖਣਾ। ਮੈਨੂੰ ਗਾਂ ਦੇ ਲਈ ਬੜਾ ਅਫਸੋਸ ਹੁੰਦਾ ਸੀ। ਅਤੇ ਇਹ ਬਹੁਤ ਹੀ ਭਿਆਨਕ ਅਤੇ ਬਿਮਾਰ ਕਰਨ ਵਾਲਾ ਗੋਤਕਨਾਲਾ ਹੁੰਦੀ ਸੀ। ਜਦੋਂ ਤੁਸੀਂ ਜਾਨਵਰਾਂ ਤੇ ਮਾਰਕਾ ਲਾਉਣਾ ਸ਼ੁਰੂ ਕਰਦੇ ਹੋ। ਮਾਰਕਾ ਲਾਉਣ ਵਾਲੇ ਲੋਹੇ ਨੂੰ ਗਰਮ ਕਰਨਾ ਮੇਰਾ ਕੰਮ ਹੁੰਦਾ ਸੀ, ਲੋਹੇ ਨੂੰ ਚੁੱਕਣਾ। ਤੇ ਉਸ ਲੰਮੇ ਪਏ ਹੋ ਵੱਛੇ ਦੇ ਉੱਤੇ ਲਾਉਣਾ। ਤੇ ਉਹਦੇ ਪੈਰ ਬੰਨੇ ਹੋਏ ਸਨ। ਤੇ ਇਹ ਮਾਰਕਾ ਉਹਦੇ ਉੱਤੇ ਲਗਾ ਦਿਓ। ਉਹਦੇ ਵਾਲ ਅਤੇ ਮਾਸ ਭੁਜ ਜਾਂਦਾ ਸੀ, ਤੇ ਉਹਦੇ ਤੇ ਥੋੜ੍ਹੀ ਜਿਹੀ ਤਾਰਕੋਲ ਪਾ ਦਿਓ। ਤੇ ਉਹਨੂੰ ਛੱਡ ਦਿਓ। ਤੁਸੀਂ ਜਾਣ ਦੇ ਬਾਰੇ ਗੱਲ ਕਰਦੇ ਹੋ! ਉਹ ਸਚ ਵਿੱਚ ਜਾਂਦਾ ਹੈ। ਪਰ, ਧਿਆਨ ਦਿਓ, ਉਹਦੇ ਉੱਤੇ ਮਾਰਕਾ ਲੱਗ ਗਿਆ ਹੈ।

37 ਅਤੇ ਇਸ ਤਰ੍ਹਾਂ ਹੀ ਖੁਦਾ ਸਾਡੇ ਨਾਲ ਕਰਦਾ ਹੈ। ਤੁਹਾਨੂੰ ਜਗਵੇਦੀ ਉੱਤੇ ਆਉਣਾ ਪਵੇਗਾ। ਤੇ ਕਦੇ ਕਦੇ ਆਣ ਕੇ ਉੱਥੇ ਬੱਝਣਾ ਪਵੇਗਾ। ਪਰ ਭਾਈ ਜੀ, ਜਦ ਪਵਿੱਤਰ ਆਤਮਾ ਤੁਹਾਡੇ ਉੱਤੇ ਜੇ ਕਦੇ ਮੋਹਰ ਲਾ ਦੇਵੇ, ਤੁਸੀਂ ਵੀ ਥੋੜ੍ਹਾ ਬਹੁਤ ਦੌੜ ਭੱਜ ਕੇ ਚਿਲਾ ਇਹ ਸਕਦੇ ਹੋ, ਪਰ ਤੁਹਸਦੇ ਉੱਤੇ ਮਾਰਕਾ ਲੱਗ ਗਿਆ ਹੈ। ਇਹ ਠੀਕ ਹੈ। ਤੁਸੀਂ ਉੱਥੇ ਹੋ। ਜਦ ਮਾਲਕ ਉੱਪਰ ਆਉਂਦਾ ਹੈ, ਉਹ ਜਾਣਦਾ ਹੈ ਕਿ ਤੁਸੀਂ ਕਿਹਦੇ ਹੋ।

ਪਰ, ਉਹ, ਉਸ ਅਵਾਰਾ ਡੰਗਰ ਦੇ ਲਈ, ਉਸ ਦੇ ਲਈ ਜਿਹੜਾ ਵਾਪਿਸ ਗੰਵਾਰਾ ਦੇ ਵਿੱਚ ਜਾਣ ਦੇ ਰੱਦਿਆ ਜਾ ਚੁੱਕਾ ਹੈ।

38 ਹੁਣ, ਮਾਰਕਾ ਲਾਉਣ ਦਾ ਸਮਾਂ ਹੈ। ਅਤੇ ਹੁਣ ਸਿਰਫ਼ ਇਹਦੇ ਵਿੱਚ ਦੋ ਸਵਾਰ ਹੋਣਗੇ, ਤੇ ਉਹ ਖੁਦਾ ਤੇ ਸ਼ੈਤਾਨ ਹੋਣਗੇ। ਸ਼ੈਤਾਨ ਆਪਣਿਆਂ ਨੂੰ ਲੈ ਲਵੇਗਾ ਤੇ ਪਰਮੇਸ਼ਵਰ ਆਪਣਿਆਂ ਨੂੰ। ਅੱਜ ਰਾਤ ਅਸੀਂ ਵੇਖਾਂਗੇ ਕਿ ਕਿੰਨਾਂ ਉੱਤੇ ਸ਼ੈਤਾਨ ਦਾ ਮਾਰਕਾ ਹੈ। ਕਲ ਰਾਤ ਅਸੀਂ ਵੇਖਾਂਗੇ ਕਿ ਕਿੰਨਾਂ ਤੇ ਪਰਮੇਸ਼ਵਰ ਦਾ ਮਾਰਕਾ ਹੈ, ਪਰਮੇਸ਼ਵਰ ਦੇ ਵਚਨ ਦੇ ਅਨੁਸਾਰ।

39 ਹੁਣ ਇੱਥੇ ਦੂਤ ਦਾ ਸੰਦੇਸ਼ ਹੈ, 14ਵੇਂ ਅਧਿਆਏ ਦੀ 9 ਵੀਂ ਆਇਤ। ਇੱਥੇ ਇਹ ਕੁਝ ਲਿਖਤਾਂ ਪੜ੍ਹੋ, ਮੈਂ ਲਿਖੀਆਂ ਹੋਈਆਂ ਹਨ। "ਅਤੇ ਦੂਤ..."

*ਉਹਨਾਂ ਦੇ ਪਿੱਛੋਂ ਤੀਜਾ ਇੱਕ ਹੋਰ ਦੂਤ ਵੱਡੀ ਅਵਾਜ ਦੇ ਨਾਲ ਇਹ ਕਹਿੰਦਾ ਆਇਆ ਭਈ ਜੇ ਕੋਈ ਉਸ ਦਰਿੰਦੇ ਤੇ ਉਸ ਦੀ*

*ਮੂਰਤਿ ਦੀ ਪੂਜਾ ਕਰਦਾ ਅਤੇ ਆਪਣੇ ਮੱਥੇ ਤੇ ਨਿਸ਼ਾਨ ਲਾਉਂਦਾ ਹੈ, ਜਾਂ...ਹੱਥ ਤੇ,*

*ਤਾਂ ਉਹ ਪਰਮੇਸ਼ਵਰ ਦੇ ਕ੍ਰੋਧ ਦੀ ਮੈਵੀ ਪੀਵੇਗਾ ਜੋ ਉਹ ਕ੍ਰੋਧ ਦੇ ਪਿਆਲੇ ਵਿੱਚ ਨਿਖਾਲਸ ਭਰੀ ਹੋਈ ਹੈ...ਅਤੇ ਉਹ ਪਵਿੱਤਰ ਦੂਤਾਂ ਦੇ ਸਾਹਮਣੇ ਅਤੇ ਲੇਲੇ ਦੇ ਸਾਹਮਣੇ ਅੱਗ ਅਤੇ ਗੰਧਕ ਨਾਲ ਕਸ਼ਟ ਪਾਵੇਗਾ:*

40 ਯਕੀਨਨ ਉਹਦੇ ਨਾਲ ਕੋਈ ਵਾਸਤਾ ਨਹੀਂ ਹੈ! ਧਿਆਨ ਦਿਓ।

*ਅਤੇ ਉਹਨਾਂ ਦੇ ਕਸ਼ਟਾਂ ਦਾ ਧੂੰਆ ਯੁਗੋ ਯੁੱਗ ਉੱਠਦਾ ਰਹਿੰਦਾ ਹੈ। ਸੋ ਉਹ ਜਿਹੜੇ ਦਰਿੰਦੇ ਦੀ ਅਤੇ ਉਹਦੀ ਮੂਰਤ ਦੀ ਪੂਜਾ ਕਰਦੇ ਹਨ ਅਤੇ ਉਹ ਜਿਹੜੇ ਉਹਦੇ ਨਾਮ ਦਾ ਨਿਸ਼ਾਨ ਲਾਉਂਦੇ ਹਨ ਰਾਤ ਦਿਨ ਕਦੇ ਚੈਨ ਨਹੀਂ ਪਾਉਂਦੇ।*

41 ਮੇਰਾ ਇਹਦਾ ਨਾਲ ਕੋਈ ਵਾਹ ਵਾਸਤਾ ਨਹੀਂ ਹੈ। ਮੇਰਾ ਯਕੀਨ ਹੈ, ਹਾਂ ਜੀ। ਅਗਲੀ ਆਇਤ ਨੂੰ ਸੁਣੋ। ਜਦ ਮੈਂ ਇਹਦੀ ਵੱਲ ਵੇਖ ਰਿਹਾ ਹਾਂ।

*ਇਹ ਸੰਤਾਂ ਦੇ ਸਬਰ ਦਾ ਮੌਕਾ ਹੈ, ਅਰਥਾਤ ਉਹਨਾਂ ਦਾ ਜਿਹੜੇ ਪਰਮੇਸ਼ਵਰ ਦੇ ਹੁਕਮਾਂ ਅਤੇ ਯਿਸੂ ਦੀ ਨਿਹਚਾ ਦੀ ਪਾਲਣਾ ਕਰਦੇ ਹਨ।*

42 ਹੁਣ 15ਵਾਂ ਅਧਿਆਏ ਅਤੇ ਦੂਜੀ ਆਇਤ। ਹੁਣ ਸੁਣੋ, ਪੰਦਰਵੇ ਅਧਿਆਏ ਵਿੱਚ ਉਹਦੀ ਦੂਜੀ ਆਇਤ। ਤਦ ਅਸੀਂ 14ਵੇਂ ਅਧਿਆਏ ਦੀ ਨੌਵੀਂ ਆਇਤ ਪੜ੍ਹ ਰਹੇ ਸਾਂ। ਹੁਣ 15ਵਾਂ ਅਧਿਆਏ ਉਹਦੀ ਦੂਜੀ ਆਇਤ

*ਹੁਣ ਪਹਿਲੇ ਨੇ ਜਾ ਕੇ ਅਪਣਾ ਕਟੋਰਾ ਧਰਤੀ ਤੇ ਉਂਡੇਲ ਦਿੱਤਾ। ਤੇ ਜਿੰਨਾਂ ਮਨੁੱਖਾਂ ਤੇ ਉਸ ਦਰਿੰਦੇ ਦਾ ਨਿਸ਼ਾਨ ਸੀ, ਅਤੇ ਜਿਹੜੇ ਉਸਦੀ ਪੂਜਾ ਕਰਦੇ ਸਨ ਤਾਂ ਉਹਨਾਂ ਨੂੰ ਉਸ ਤੋਂ ਬੜਾ ਬੁਰੀ ਡਾਢੀ ਸੱਟ ਲੱਗੀ।*

16ਵੇਂ ਅਧਿਆਏ ਦੀ ਦੂਜੀ ਆਇਤ।

*ਜਿਹੜੇ ਧਰਤੀ ਦੇ ਰਾਜਿਆਂ ਨੇ ਹਰਾਮਕਾਰੀ ਕੀਤੀ ਅਤੇ ਧਰਤੀ ਦੇ ਵਾਸੀ ਉਹਦੀ ਹਰਾਮਕਾਰੀ ਦੀ ਮੈਂ ਨਾਲ ਮਸਤ ਹੋਏ।*

43 ਇੱਕ ਪਲ ਵਾਸਤੇ ਠਹਿਰੋ। ਮੈਂ ਤੁਹੜੇ ਤੋਂ ਮਾਫ਼ੀ ਚਾਹੁੰਦਾ ਹਾਂ। ਸ਼ਾਇਦ ਮੈਂ ਹਵਾਲੇ ਇਕੱਠੇ ਹੀ ਫੋਲ ਦਿੱਤੇ ਸਨ। ਠੀਕ ਹੈ, ਹੁਣ ਵੀਹਵਾਂ ਅਧਿਆਏ ਅਤੇ ਚੌਥੀ ਆਇਤ। ਠੀਕ ਹੈ। ਆਹ ਹੈ ਅਸਲੀ ਚੀਜ।

*ਮੈਂ ਗੱਦੀਆਂ ਵੇਖੀਆਂ ਅਤੇ ਉਹ ਉਨ੍ਹਾਂ ਤੇ ਬੈਠੇ ਹੋਏ ਸਨ ਅਤੇ ਨਿਆਂ ਕਰਨ ਦਾ ਇਖਤਿਆਰ ਉਹਨਾਂ ਨੂੰ ਦਿੱਤਾ ਗਿਆ। ਅਤੇ ਮੈਂ ਉਹਨਾਂ ਦੇ ਜੀਵਾਂ ਨੂੰ ਵੇਖਿਆ ਜਿਨ੍ਹਾਂ ਦੇ ਸਿਰ ਯਿਸੂ ਦੀ ਗਵਾਹੀ ਦੇ ਕਾਰਣ ਅਤੇ ਪਰਮੇਸ਼ਵਰ ਦੇ ਵਚਨ ਦੇ ਕਾਰਣ ਵੱਢੇ ਗਏ ਸਨ। ਅਤੇ ਜਿਨ੍ਹਾਂ ਉਸ ਦਰਿੰਦੇ ਦੀ ਜਾਂ ਉਸਦੀ ਮੂਰਤਿ ਦੀ ਪੂਜਾ ਨਹੀਂ ਕੀਤੀ ਸੀ। ਅਤੇ ਉਹ ਨਿਸ਼ਾਨ ਆਪਣੇ ਮੱਥੇ ਉੱਤੇ ਜਾਂ ਹੱਥ ਉੱਤੇ ਨਹੀਂ ਲੁਆਇਆ ਸੀ; ਉਹ ਜੀ ਉੱਥੇ ਅਤੇ ਹਜਾਰ ਵਰ੍ਹੇ ਮਸੀਹ ਦੇ ਨਾਲ ਰਾਜ ਕਰਦੇ ਰਹੇ।*

44 ਉਹ ਦਰਿੰਦੇ ਦਾ ਨਿਸ਼ਾਨ ਨਹੀਂ ਲੁਆ ਸਕਦੇ ਤੇ ਤਦ ਉਹ ਮਸੀਹ ਦੀ ਉਪਾਸਨਾ ਕਰਨ ਜਾਂ ਉਹਦੇ ਨਾਲ ਰਹਿਣ। "ਪਰ ਜੋ ਕੋਈ ਦਰਿੰਦੇ ਦੀ ਪੂਜਾ ਕਰੇਗਾ ਉਹ ਪਰਮੇਸ਼ਵਰ ਦੀ ਹਜੂਰੀ ਵਿੱਚ ਤੇ ਪਵਿੱਤਰ ਦੂਤਾਂ ਦੇ ਸਾਹਮਣੇ ਕਸ਼ਟ ਪਾਵੇਗਾ"। ਇਹੋ ਹੀ ਪਰਮੇਸ਼ਵਰ ਇਹਦੇ ਬਾਰੇ ਆਖਦਾ ਹੈ।

45 ਹੁਣ ਅਸੀਂ ਸ਼ੁਰੂ ਕਰਾਂਗੇ। ਆਪਣੀ ਬਾਈਬਲ ਵਿੱਚ ਪ੍ਰਕਾਸ਼ ਦੀ ਪੋਥੀ ਉਹਦਾ 13ਵਾਂ ਅਧਿਆਏ ਕੱਢੋ। ਅਤੇ ਅਸੀਂ ਕੁਝ ਪਲਾਂ ਵਿੱਚ ਸ਼ੁਰੂ ਕਰਾਂਗੇ। ਹੁਣ ਇਹ ਬਹੁਤ ਹੀ ਜਰੂਰੀ ਹੈ। ਹੁਣ ਧਿਆਨ ਪੂਰਵਕ ਸੁਣੋ।

46 ਪਹਿਲੀ ਗੱਲ, ਅਸੀਂ ਆਪਣੇ ਵਿਸ਼ੇ ਨੂੰ ਪਿਛਲੀ ਰਾਤ ਤੋਂ ਲੈਣਾ ਚਾਹੁੰਦੇ ਹਾਂ। ਪਿਛਲੇ ਰਾਤ ਅਸੀਂ ਕਲਿਸਿਆਈ ਯੁੱਗਾਂ ਦਾ ਅਧਿਐਨ ਕੀਤਾ ਸੀ, ਕਿੰਝ, ਅਸੀਂ ਵੇਖਿਆ ਸੀ ਕਿ ਯਿਸੂ ਆਪਣੀ ਕਲੀਸੀਆ ਵਿੱਚ ਖਲੋਤਾ ਹੈ, "ਉਹਦੀ ਅਵਾਜ ਬਾਹਲੇ ਪਾਣੀਆਂ ਦੀ ਘੂਕ ਵਰਗੀ ਸੀ; ਉਹਦੇ ਵਾਲ ਉਨ ਦੇ ਨਾਈਂ ਚਿੱਟੇ; ਅਤੇ ਉਹ ਦੀਆਂ ਅੱਖਾਂ ਅਗਨੀ ਦੀ ਲਾੱਟ ਵਾਂਗੂ ਸਨ"।

47 ਯਾਦ ਰਹੇ, ਸਾਰੇ ਦਾ ਸਾਰ ਪ੍ਰਕਾਸ਼ ਇੱਕ ਦਰਸ਼ਨ ਹੈ। ਅਤੇ ਸੰਕੇਤਕ ਰੂਪ ਵਿੱਚ ਹੈ। ਇਹਦਾ ਸਭ ਦਾ ਇੱਕ ਅਰਥ ਹੈ, ਸੋ ਤੁਸੀਂ ਇਹਨੂੰ ਧਿਆਨ ਨਾਲ ਵੇਖਣਾ ਹੈ। ਨਬੀਆਂ ਨੂੰ ਪੜ੍ਹੋ, ਸਮਝੋ ਕਿ ਉਹਨਾਂ ਸੰਕੇਤਾਂ ਦਾ ਕੀ ਅਰਥ ਹੈ। ਤਦ ਇਹਨੂੰ ਇੱਥੇ ਮਿਲਾਓ ਤਾਂ ਕਿ ਤੁਹਾਨੂੰ ਪਤਾ ਚੱਲੇ, ਕਿ ਇਹਨਾਂ ਸੰਕੇਤਾਂ ਦਾ ਅਸਲੀ ਅਰਥ ਕੀ ਹੈ।

48 "ਉਹਦੀਆਂ ਅੱਖਾਂ ਅਗਨੀ ਦੀਆਂ ਲਾਟ ਵਰਗੀਆਂ ਹਨ", ਤੇ ਉਹ ਧਰਤੀਂ ਦੇ ਚਾਰੋਂ ਪਾਸੇ ਘੁੰਮਦੀਆਂ ਹਨ। ਅਤੇ ਅਸੀਂ ਪਤਾ ਲਾਇਆ ਕਿ..."ਉਹ ਲਾਟਾਂ ਤਲਵਾਰਾਂ ਵਾਂਗ ਸਨ, ਉਹਦੇ ਮੂੰਹ ਵਿੱਚੋਂ ਤਲਵਾਰ ਨਿਕਲੀ ਦੋ ਧਾਰਿ ਤਲਵਾਰ"। ਸਾਨੂੰ ਪਤਾ ਲੱਗਾ ਕਿ ਇਹ ਤਾਂ ਪਰਮੇਸ਼ਵਰ ਦਾ ਵਚਨ ਸੀ ਜਿਹੜਾ ਕਿ ਕਲੀਸੀਆ ਦੇ ਮੂੰਹ ਵਿੱਚੋਂ ਨਿਕਲਿਆ। "ਤੇ ਇਹ ਗੁੱਦੇ ਗੁੱਦੇ ਅਤੇ ਬੰਦ

ਬੰਦ ਨੂੰ ਚੀਰ ਸੁੱਟਦਾ ਹੈ। ਤੇ ਮਨ ਦੇ ਵਿਚਾਰਾਂ ਤੇ ਧਾਰਨਾ ਨੂੰ ਜਾਂਚ ਲੈਂਦਾ ਹੈ”; ਇਬਰਾਨੀਆਂ ਉਹਦਾ ਚੌਥਾ ਅਧਿਆਏ।

49 ਅਸੀਂ ਕਲੀਸੀਆ ਨੂੰ ਇਹਦੀ ਸੁੰਦਰਤਾ ਵਿੱਚ ਉੱਥੇ ਖਲੋਤੇ ਵੇਖਿਆ; ਮਸੀਹ ਇਹਦੇ ਨਾਲ ਢਾਲਿਆ ਹੋਇਆ! ਅਤੇ ਕਲੀਸੀਆ ਨੇ ਚਿੱਟੇ “ਵਸਤਰ” ਪਾਏ ਹੋਏ ਸਨ। ਅਤੇ ਤੁਸੀਂ ਧਿਆਨ ਦਿੱਤਾ, ਇਹ ਤਾਂ ਇੱਕ ਇਸਤ੍ਰੀ ਸੀ। “ਛਾਤੀ ਦੇ ਦੁਆਲੇ” ਤੇ ਪੈਰਾਂ ਤੀਕ ਦਾ ਜਾਮਾ ਪਹਿਨੇ ਹੋਏ ਸੀ। ਇਹ ਵਸਤਰ ਸਨ ਜੋ ਉਹਦੀ ਸ਼ਰਮ ਨੂੰ ਢੱਕੇ ਹੋਏ ਸਨ। ਅਤੇ ਛਾਤੀ ਦੁਆਲੇ “ਸੋਨੇ ਦੀ ਪਤੀ” ਬੰਨੀ ਹੋਈ ਸੀ। “ਚਿੱਟਾ ਰੰਗ” ਮਸੀਹ ਦੀ ਧਾਰਮਿਕਤਾ ਨੂੰ ਦਰਸਾਉਂਦਾ ਹੈ; ਸੋਨੇ ਦੇ ਪੇਟੀ ਸੁਸਮਾਚਾਰ ਨੂੰ ਦਰਸਾਉਂਦੀ ਹੈ। ਸੁਸਮਾਚਾਰ ਦਾ ਪ੍ਰਚਾਰ ਪਵਿੱਤਰ ਆਤਮਾ ਨੂੰ ਕਲੀਸੀਆ ਦੇ ਉੱਤੇ ਲਿਆਉਂਦਾ ਹੈ। ਮਸੀਹ ਦੀ ਧਰਮਿਕਤਾ; ਉਹਨੂੰ ਉੱਥੇ ਰੱਖਦਾ ਹੈ, ਤਣੀਂ ਦੇ ਨਾਲ ਬੱਧਾ ਹੋਇਆ। ਪੇਟੀ ਦੀਆਂ ਤਣੀਆਂ।

50 ਤਦ ਉਹ ਉੱਥੇ ਖੜਾ ਸੀ, “ਉਹਦੇ ਪੈਰ ਖਾਲਸ ਪਿੱਤਲ ਦੀ ਨਾਈਂ ਸਨ ਭਈ ਜਾਣੀਂਦਾ ਉਹ ਭੱਠੀ ਵਿੱਚ ਤਾਇਆ ਹੋਇਆ ਹੋਵੇ”। ਪਿੱਤਲ ਤਾਂ ਰੱਬੀ ਨਿਆਂ ਨੂੰ ਦਰਸਾਉਂਦਾ ਹੈ। ਅਤੇ ਪਰਮੇਸ਼ਵਰ, ਆਪਣੀ ਸੌਂਹ ਨੂੰ ਪੂਰਾ ਕਰਨ ਦੇ ਲਈ ਜਿਹੜੀ ਉਹਨੇ ਖਾਧੀ ਸੀ, ਉਹਨੇ ਮਸੀਹ ਨੂੰ ਘੱਲਿਆ ਤੇ ਮਸੀਹ ਨੇ ਰੱਬੀ ਨਿਆਂ ਦਾ ਭੁਗਤਾਨ ਕੀਤਾ। ਅਤੇ ਤਦ ਤਾਂ ਕਲੀਸੀਆ ਤਾਂ ਰੱਬੀ ਨਿਆਂ ਦੇ ਉੱਤੇ ਅਧਾਰਤ ਹੈ ਮਸੀਹ ਉਹਦੀ ਥਾਂ ਤੇ ਖਲੋਤਾ ਹੋਇਆ ਸੀ। ਕਿੰਨੀ ਸੁੰਦਰ ਤਸਵੀਰ ਹੈ, “ਸੱਤਾਂ ਸੋਨੇ ਦੇ ਸ਼ਮਾਂਦਾਨਾਂ ਦੇ ਵਿਚਕਾਰ ਖੜ੍ਹਾ ਹੈ!”

51 ਤਦ ਸਾਨੂੰ ਪਤਾ ਲੱਗਦਾ ਹੈ ਕਿ ਪਹਿਲੇ ਕਲੀਸੀਆ ਯੁੱਗ ਵਿੱਚ, ਉਹਨਾਂ ਦੇ ਕੋਲ ਕੀ ਸੀ। ਪਿਛਲੀ ਰਾਤ ਇੱਥੇ ਕਿੰਨੇ ਜਣੇ ਸਨ, ਮੈਂ ਤੁਹਾਡੇ ਹੱਥ ਵੇਖਦਾ ਹਾਂ। ਠੀਕ ਹੈ ਇਹ ਵਧੀਆ ਗੱਲ ਹੈ। ਪਹਿਲਾ ਕਲਿਸਿਆਈ ਯੁੱਗ ਹੈ, ਅਸੀਂ ਪਤਾ ਲਾਇਆ, ਅਫਸੂਸ ਦੇ ਯੁੱਗ ਵਿੱਚ, ਉਹਨਾਂ ਦੇ ਕੋਲ ਪਵਿੱਤਰ ਆਤਮਾ ਦਾ ਬਪਤੀਸਮਾ ਸੀ। ਅਤੇ ਉਹ ਲੋਕਾਂ ਨੂੰ ਪਾਣੀ ਵਿੱਚ ਬਪਤੀਸਮਾ ਦਿੰਦੇ ਸਨ। ਤੇ ਹਰ ਪ੍ਰਕਾਰ ਦੀਆਂ ਨਿਸ਼ਾਨੀਆਂ ਤੇ ਅਚੰਭੇ ਵਿਸ਼ਵਾਸੀਆਂ ਵਿੱਚ ਹੁੰਦੇ ਸਨ।

52 ਅਤੇ ਕਿੰਝ ਹਰੇਕ ਕਲੀਸੀਆ ਯੁੱਗ ਦੇ ਵਿੱਚ, ਇਹ ਮੱਧਮ ਪੈਣਾ ਸ਼ੁਰੂ ਹੋ ਗਿਆ। ਪਹਿਲੇ ਦੌਰ ਵਿੱਚ, ਦੂਜੇ ਦੌਰ ਵਿੱਚ, ਤਦ ਹਨੇਰੇ ਦੇ ਯੁੱਗ ਵਿੱਚ। ਅਤੇ ਉਹ ਝੂਠੇ ਨਾਮ ਦੇ ਨਾਲ ਆ ਗਏ, ਝੂਠੇ ਬਪਤੀਸਮੇ ਦੇ ਨਾਲ। ਪਾਣੀ ਅਤੇ ਪਵਿੱਤਰ ਆਤਮਾ ਦੋਨਾਂ ਦਾ ਹੀ।

53 ਅਤੇ ਤਦ ਉਹ ਅਗਾਂਹ ਵਧੇ ਅਗਲੇ ਯੁੱਗ ਵਿੱਚ ਤੇ ਉਹ ਥੋੜ੍ਹਾ ਜਿਹਾ ਰੋਸ਼ਨ ਹੋਏ। ਅਤੇ ਤਦ ਉੱਥੇ ਇੱਕ ਦਰਵਾਜਾ ਖੁੱਲ੍ਹਾ। ਫਿਲਦਿਲ਼ਫੀਏ ਤੇ ਲਾਓਦੀਕੀਏ ਦੀ ਕਲੀਸੀਆਈ ਯੁੱਗ ਦੇ ਵਿਚਾਲੇ।

54 ਤਦ ਲਾਉਦੀਕੀਏ ਦੇ ਕਾਲ ਵਾਲੇ ਸਿਲਗਰਮ ਹੋ ਗਏ, ਤੇ ਇਹਦੇ ਵਿੱਚੋਂ ਪੂਰੀ ਤਰ੍ਹਾਂ ਨਿਕਲ ਗਏ। ਅੰਤ ਵਿੱਚ ਪਰਮੇਸ਼ਵਰ ਨੇ ਉਹਨਾਂ ਨੂੰ ਆਪਣੇ ਮੂੰਹ ਵਿੱਚੋਂ ਉਗਲ ਦਿੱਤਾ। ਇਹ ਠੀਕ ਹੈ। ਇਹ ਲਿਖਤਾਂ ਦੇ ਅਨੁਸਾਰ ਹੈ।

55 ਅਤੇ ਹਰੇਕ ਇਤਿਹਾਸਕਾਰ ਅਤੇ ਹਰੇਕ ਕੱਟੜ ਵਿਸ਼ਵਾਸੀ ਜਾਣਦਾ ਹੈ ਕਿ ਉਹ ਸੱਤ ਕਲੀਸੀਆਈ ਕਾਲ ਜਾਣ ਫਿਰ "ਸੱਤ ਸੋਨੇ ਦੇ ਸ਼ਮਾਦਾਨ" ਜਿਵੇਂ ਕਿ ਬਾਈਬਲ ਨੇ ਆਖਿਆ ਹੈ, ਉਹ ਸੱਤ ਕਲਿਸਿਆਈ ਯੁੱਗ ਹਨ। ਜਿਦਾਂ ਕਿ ਪੁਰਾਣੇ ਨੇਮ ਇੱਥੇ ਨਵੇਂ ਵਿੱਚ ਨਮੂਨਾ ਵਿਖਾਉਂਦਾ ਹੈ ਉਦਾਂ ਹੀ ਜਿਦਾਂ ਇਹ ਚੱਲਦੇ ਰਹੇ।

56 ਪਰ ਗੈਰਕੌਮਾਂ ਦੇ ਯੁੱਗ ਦੇ ਸਮਾਪਤ ਹੋਣ ਤੋਂ ਪਹਿਲਾਂ ਇੱਕ ਮਹਾਨ ਜਾਦਰਤੀ ਅਤੇ ਬੇਦਾਰੀ ਹੋਵੇਗਈ, ਯਹੂਦੀਆਂ ਦੇ ਇਹਨੂੰ ਲੈਣ ਤੋਂ ਪਹਿਲਾਂ।

57 ਯਾਦ ਰਹੇ, ਗੈਰ ਕੌਮਾਂ ਤਾਂ ਸੀਮਿਤ ਹਨ, ਕਿਰਪਾ ਦਾ ਸਮਾਂ ਸੀਮਤ ਹੈ। ਬਾਈਬਲ ਨੇ ਆਖਿਆ, "ਉਹ ਯਰੂਸ਼ਲਮ ਦੀਆਂ ਦੀਵਾਰਾਂ ਨੂੰ ਢਾਹੁਣਗੇ"। ਯਿਸੂ ਨੇ ਆਖਿਆ, "ਜਦ ਤਕ ਕਿ ਗੈਰ ਕੌਮਾਂ ਦਾ ਸਮਾਂ ਪੂਰਾ ਨਹੀਂ ਹੋ ਜਾਂਦਾ"। ਇਹ ਠੀਕ ਹੈ। ਇਹ ਦੇ ਕੋਲ ਤਾਂ ਇੱਕ ਪੱਕਾ ਖਾਤਮੇ ਦਾ ਸਮਾਂ ਹੈ।

58 ਅਤੇ ਉਹਨਾਂ ਚੀਜਾਂ ਦਾ ਪਤਾ ਲਾਇਆ ਹੈ ਜਿਹੜੀਆਂ ਉਹਨਾਂ ਨੇ ਉੱਥੇ ਪਿਛਾਂਹ ਕੀਤੀਆਂ ਸਨ। ਅਤੇ ਅਸੀਂ ਉਹਨਾਂ ਨਿਸ਼ਾਨੀਆਂ ਅਤੇ ਕਰਾਮਾਤਾਂ ਤੇ ਧਿਆਨ ਦਿੱਤਾ ਹੈ ਜਿਹੜੀਆਂ ਉਹਨੇ ਕੋਲੋਂ ਹੋਈਆਂ, ਕਿੰਝ ਮਸੀਹ ਨੇ ਉਹਨਾਂ ਨੂੰ ਦੱਸਿਆ ਕਿ ਅਚਰਜ ਸੀ ਅਤੇ ਉਹ ਕਿੱਦਾਂ ਸਨ। ਤਦ ਰੋਸ਼ਨੀ ਮੱਧਮ ਹੀ ਮੱਧਮ ਹੁੰਦੀ ਗਈ ਤੇ ਅੰਤ ਵਿੱਚ ਬੁੱਝ ਹੀ ਗਈ ਤੇ ਤਦ ਫਿਰ ਸਮਾਪਤੀ ਦੇ ਉੱਤੇ ਤੇ ਕਲੀਸੀਆ ਦੇ ਲਈ ਇੱਕ ਖੁੱਲ੍ਹਾ ਦਰਵਾਜਾ ਰੱਖਿਆ ਗਿਆ। ਇਹਦੇ ਵਿੱਚ ਜਾਣ ਤੋਂ ਪਹਿਲਾਂ ਆਓ ਇੱਥੇ ਰੁਕੀਏ। ਧਿਆਨ ਦਿਓ, ਆਓ ਇੱਕ ਭਵਿੱਖਬਾਣੀ ਨੂੰ ਲਈਏ ਜੋ ਮੇਰੇ ਮਨ ਵਿੱਚ ਆ ਰਹੀ ਹੈ। ਨਬੀ ਨੇ ਆਖਿਆ, "ਇੱਕ ਦਿਨ ਹੋਵੇਗਾ ਜੋ ਕਿ ਨਾ ਕਿ ਦਿਨ ਹੋਵੇਗਾ ਨਾ ਹੀ ਰਾਤ"।

59 ਕੀ ਮੈਂ ਉੱਚੀ ਬੋਲ ਰਿਹਾ ਹਾਂ? [ਸਭਾ ਆਖਦੀ ਹੈ, "ਆਮੀਨ"—ਸੰਪਾ] ਜੇ ਤੁਸੀਂ ਕਰ ਸਕਦੇ ਹੋ ਤਾਂ ਤੁਸੀਂ ਉਹਦੀ ਅਵਾਜ ਠੀਕ ਕਰ ਸਕਦੇ ਹੋ। ਮੈਂ ਜਾਣਦਾ ਹਾਂ ਕਿ ਇਹ ਅਵਾਜ ਫਿਰ ਵਾਪਿਸ ਆਉਂਦੀ ਹੈ। ਇਹੋ ਹੀ ਕਾਰਣ ਹੈ ਕਿ ਮੈਂ ਥੋੜਾ ਉੱਚਾ ਬੋਲਦਾ ਹਾਂ, ਤਾਂ ਲੋਕ ਜਿਹੜੇ ਪਿੱਛੇ ਬੈਠੇ ਹਨ ਉਹ ਜਰੂਰ ਸੁਣ ਲੈਣ, ਕਿਉਂਕਿ ਇਹ ਬਹੁਤ ਮਹੱਤਵ ਪੂਰਨ ਹੈ।

60 "ਇੱਕ ਸਮਾਂ ਹੋਵੇਗਾ, ਇੱਕ ਦਿਨ", ਨਬੀ ਨੇ ਆਖਿਆ, "ਜੋ ਕਿ ਨਾ ਤਾਂ ਦਿਨ ਹੀ ਹੋਵੇਗਾ ਤੇ ਨਾ ਹੀ ਰਾਤ"। ਦੂਜੇ ਸ਼ਬਦਾਂ ਵਿੱਚ, ਰੋਸ਼ਨੀ ਹੋਵੇਗੀ, ਪਰ ਬਦਲ ਛਾਏ ਹੋਏ ਹੋਣਗੇ, ਸਮਝੋ, ਬਦਲ ਵਾਲਾ ਦਾ ਦਿਨ। "ਪਰ ਸ਼ਾਮ ਦੇ ਸਮੇਂ ਉਜਾਲਾ ਹੋਵੇਗਾ"। ਕਿੰਨੀ ਸੁੰਦਰ ਤਸਵੀਰ ਹੈ!

61 ਜਦ ਇਸ ਬੱਦਲਵਾਈ ਵਾਲੇ ਦਿਨ, ਸਵੇਰ ਚੜ੍ਹੀ। ਇਹਦਾ ਅਰਥ ਹੈ ਕਿ ਲੜਾਈਆਂ ਹੋਣਗੀਆਂ, ਮੁਸੀਬਤਾਂ ਹੋਣਗੀਆਂ, ਉਤਰਾਅ ਚੜਾਅ ਹੋਣਗੇ, ਯੁੱਗ ਅਤੇ ਕਲਿਸਿਆਵਾਂ ਹੋਣਗੀਆਂ, ਵਾਦ ਹੋਣਗੇ ਅਤੇ ਹਰੇਕ ਚੀਜ। ਇਹ ਨਾ ਤਾਂ ਉਜਿਆਲਾ ਹੀ ਤੇ ਨਾ ਹੀ ਹਨੇਰਾ ਹੋਵੇਗਾ। ਇਹ ਉਹ ਸਮਾਂ ਹੋਵੇਗਾ ਕਿ ਅਸੀਂ ਜਾਣਦੇ ਹਾਂ ਕਿ ਉਹ ਪਰਮੇਸ਼ਵਰ ਹੈ, ਤੇ ਸੁਸਮਾਚਾਰ ਹੈ, ਪਰ ਉਹ ਤਾਂ ਇਹਨੂੰ ਥਾਣੀ ਵੇਖ ਨਹੀਂ ਸਕਦੇ। ਤੁਸੀਂ ਜਾਣਦੇ ਹੋ ਮੇਰਾ ਕੀ ਅਰਥ ਹੈ? ਉਹ ਕਹਿਣਗੇ, "ਬਾਈਬਲ ਨੇ ਆਖਿਆ ਹੈ *ਕਿ* ਉਹਨਾਂ ਨੇ ਇਹ ਪਿੱਛੇ ਪੈਂਤੀਕੁਸਤ ਦੇ ਦਿਨ ਕੀਤਾ। ਉਹਨਾਂ ਨੇ *ਇਹ* ਪਹਿਲੀ ਕਲੀਸੀਆ ਵਿੱਚ ਕੀਤਾ, ਉਹਨਾਂ ਦੇ ਵਿਚਾਲੇ ਇਹ ਨਿਸ਼ਾਨੀਆਂ ਤੇ ਅਚੰਭੇ ਸਨ, ਪਰ ਸਾਡੀ ਕਲੀਸੀਆ ਤਾਂ ਇਹ ਨਹੀਂ ਸਿਖਾਉਂਦੀ"। ਸਮਝੋ, ਇਹ ਤਾਂ ਧੁੰਦਲਾ ਹੈ ਨਾ ਤਾਂ ਹਨੇਰਾ ਹੀ ਹੈ, ਤੇ ਨਾ ਹੀ ਦਿਨ ਹੈ। "ਪਰ, ਤਦ ਵੀ, ਅਸੀਂ ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਦੇ ਹਾਂ। ਅਸੀਂ ਉਹਦੀ ਦੂਜੀ ਆਮਦ ਵਿੱਚ ਵਿਸ਼ਵਾਸ ਕਰਦੇ ਹਾਂ। ਅਤੇ ਅਸੀਂ ਜਾਣਦੇ ਹਾਂ ਕਿ ਉਹ ਆ ਰਿਹਾ ਹੈ"।

62 ਬਾਈਬਲ ਨੇ ਆਖਿਆ, "ਨਾ ਹੀ ਰੋਸ਼ਨੀ ਹੋਵੇਗੀ ਤੇ ਨ ਹੀ ਹਨੇਰਾ ਹੋਵੇਗਾ"। ਤੁਸੀਂ ਇਹਨੂੰ ਦਿਨ ਨਹੀਂ ਪੁਕਾਰ ਸਕਦੇ ਅਤੇ ਨਾ ਹੀ ਤੁਸੀਂ ਇਹਨੂੰ ਰਾਤ ਆਖ ਸਕਦੇ ਹੋ। ਪਰ, ਧਿਆਨ ਦਿਓ, "ਸ਼ਾਮ ਦੇ ਸਮੇਂ, ਉਜਾਲਾ ਹੋਵੇਗਾ", ਸ਼ਾਮ ਦੇ ਸਮੇਂ!

63 ਜਦ ਪੂਰਬੀ ਲੋਕ...ਇਹ ਕਿਤਾਬ ਪੂਰਬ ਦੀ ਕਿਤਾਬ ਹੈ; ਬਾਈਬਲ। ਜਦ ਰੋਸ਼ਨੀ ਪਹਿਲਾਂ, ਪਹਿਲੀ ਕਲੀਸੀਆ ਉੱਤੇ ਪਈ। ਅਫਸੁਸ ਵਿੱਚ, ਠੀਕ ਹੈ ਅਸੀਂ ਮੈਂਬਰਾਂ ਨੇ ਵੇਖਿਆ ਕਿ ਉੱਥੇ ਕੀ ਹੋਇਆ; ਪਰਮੇਸ਼ਵਰ ਦੀ ਰੋਸ਼ਨੀ ਜਿਹੜੀ ਯਿਸੂ ਮਸੀਹ ਦੁਆਰਾ ਲਿਆਂਦੀ ਗਈ, ਪਵਿੱਤਰ ਆਤਮਾ ਦੀ ਪਹਿਲੀ ਬਾਰਿਸ਼ ਦੇ ਦੁਆਰਾ। ਇਹਨੇ ਸਾਰੇ ਸੰਸਾਰ ਨੂੰ ਰੋਸ਼ਨੀ ਦਿੱਤੀ, ਤੇ ਬਾਈਬਲ ਨੂੰ ਲਿਖਿਆ। ਕੀ ਇਹ ਠੀਕ ਹੈ? [ਸਭਾ ਆਖਦੀ ਹੈ, "ਆਮੀਨ"—ਸੰਪਾ]

64 ਤੇ ਹੁਣ ਉਹਨੇ ਪੱਛਮੀ ਸੰਸਾਰ ਦੇ ਲਈ ਵਾਈਦਾ ਕੀਤਾ ਹੈ, ਸੂਰਜ ਪੂਰਬ ਵਿੱਚ ਚੜ੍ਹਦਾ ਹੈ, ਕਿਰਪਾ ਦੇ ਸ਼ੁਰੂ ਦੇ ਯੁੱਗ ਵਿੱਚ। ਅਤੇ ਹੁਣ ਸੂਰਜ ਪੱਛਮ ਵਿੱਚ ਡੁੱਬ ਰਿਹਾ ਹੈ, ਪੱਛਮੀ ਲੋਕਾਂ ਦੇ ਉੱਤੇ। ਅਸੀਂ ਪੱਛਮੀ ਲੋਕ ਹਾਂ।

[ਭਾਈ ਬਰਨਹਮ ਤਿੰਨ ਵਾਰ ਪੁਲਪਿਤ ਖੜਕਾਉਂਦੇ ਹਨ—ਸੰਪਾ] ਅਤੇ ਉਹਨੇ ਵਾਈਦਾ ਕੀਤਾ ਹੈ ਕਿ ਇੱਕ ਬੇਦਾਰੀ ਹੋਵੇਗੀ ਤੇ ਸ਼ਾਮ ਦੇ ਸਮੇਂ ਉਜਿਆਲਾ ਹੋਵੇਗਾ। ਉਹ ਇੱਥੇ ਹਨ ਬੇਦਾਰੀ ਤੇ ਊਜਿਆਲਾ। ਰੋਸ਼ਨੀ ਚਮਕ ਰਹੀ ਹੈ, ਤੇ ਹਨੇਰਾ ਇਹਨੂੰ ਸਮਝ ਨਹੀਂ ਸਕਿਆ। ਇਹ ਹੈ ਉਹ, ਮਨੁੱਖ ਚੰਗੇ ਕੰਮਾਂ ਨਾਲੋਂ ਹਨੇਰੇ ਦੇ ਕੰਮਾਂ ਨੂੰ ਪਿਆਰ ਕਰਦੇ ਹਨ।

65 ਤੇ ਇਹ ਹੁਣ ਪੱਛਮੀ ਪੜਾਵ ਤੇ ਆਉਣ ਵਾਲਾ ਹੈ, ਅਤੇ ਜੋ ਵੀ ਥੋੜ੍ਹੀ ਰੋਸ਼ਨੀ ਸਾਡੇ ਕੋਲ ਹੈ, ਇਹਨੂੰ ਫੜ੍ਹੀ ਰੱਖੋ। ਧਿਆਨ ਦਿਓ, ਇਹ ਉਹੋ ਹੀ ਸੂਰਜ ਹੈ ਜਿਹੜਾ ਯਹੂਦੀਆਂ ਦੇ ਉੱਤੇ ਚੜ੍ਹਿਆ ਤੇ ਹੁਣ ਗੈਰਕੋਮਾਂ ਦੇ ਉੱਤੇ ਡੁੱਬ ਰਿਹਾ ਹੈ। ਸਾਰੇ ਯੁੱਗ ਦੇ ਵਿੱਚੋਂ ਦੀ, ਇਹਨਾਂ ਦੋ ਹਜਾਰ ਸਾਲਾਂ ਦੇ ਵਿੱਚ, ਉਹਨਾਂ ਦੇ ਕੋਲ *ਇਹ* ਜਾਂ *ਉਹ* ਸੀ। ਜਥੇਬੰਦੀਆਂ ਅਤੇ ਇੰਤਜਾਮ ਸਨ। ਅਤੇ ਇਹ ਤੇ ਉਹ ਸੀ। ਤੇ ਲੋਕ ਨਹੀਂ ਜਾਣਦੇ ਕਿ ਉਹ ਕਿੱਥੇ ਖੜੇ ਹਨ।

66 ਪਰ ਬਾਈਬਲ ਵਾਇਦਾ ਕਰਦੀ ਹੈ, ਪਰਮੇਸ਼ਵਰ ਨੇ ਨਬੀ ਦੁਆਰਾ ਵਾਦਾ ਕੀਤਾ ਹੈ, "ਸ਼ਾਮ ਦੇ ਸਮੇਂ ਉਜਾਲਾ ਹੋਵੇਗਾ"। ਸ਼ਾਮ ਦੇ ਸਮੇਂ ਉਜਾਲਾ ਹੋਵੇਗਾ। ਮੇਰਾ ਯਕੀਨ ਹੈ ਕਿ ਅਸੀਂ ਇੱਥੇ ਹਾਂ। ਸੂਰਜ ਡੁੱਬ ਰਿਹਾ ਹੈ। ਸਾਰੀ ਕਾਇਨਾਤ ਹਉਕੇ ਭਰ ਰਹੀ ਹੈ ਉਸ ਦਿਨ ਦੇ ਲਈ ਚਿੱਲਾ ਰਹੀ ਹੈ। ਧਿਆਨ ਦਿਓ।

67 ਹੁਣ ਅਸੀਂ ਪਤਾ ਲਾਉਂਦੇ ਹਾਂ ਕਿ ਜੋ ਉਹਨਾਂ ਦੇ ਕੋਲ ਸਭ ਤੋਂ ਪਹਿਲੀ ਕਲੀਸੀਆ ਦੇ ਸਮੇਂ ਸੀ, ਉਹਦੇ ਕੋਲ ਬੜੀ ਅਜੀਬ ਤਾਲੀਮ ਸੀ। ਪਹਿਲੀ ਗੱਲ ਇਹ ਕਿ ਇਹ ਤਾਂ ਕੁਝ "ਕੰਮ" ਸਨ। ਉਹਨੇ ਕਿਹਾ, "ਤੂੰ ਨਿਕੁਲਾਈਆਂ ਦੇ ਕੰਮਾਂ ਤੋਂ ਸੂਗ ਕਰਦਾ ਹੈ"।

68 ਮੈਨੂੰ ਹੈਰਾਨੀ ਹੈ ਕਿ ਨਿਕੁਲਾਈ ਕੌਣ ਸਨ। ਮੈਂ ਇਹਨੂੰ ਇਤਿਹਾਸ ਵਿੱਚੋਂ ਚੰਗੀ ਤਰ੍ਹਾਂ ਘੋਖਦਾ ਹਾਂ। ਬਾਰ ਬਾਰ ਤੇ ਸਭ ਤੋਂ ਵਧੀਆ ਉਪਦੇਸ਼ਾਂ ਦੇ ਵਿੱਚੋਂ ਜਿਹੜੇ ਮੈਂ ਲੱਭ ਸਕਦਾ ਹਾਂ, ਤੇ ਕੋਈ ਵੀ ਜਾਣ ਨਹੀਂ ਸਕਦਾ। ਜਦ ਤਕ ਕਿ ਇਹ ਤਾਲੀਮ ਨਾ ਬਣ ਗਈ ਜਿਹੜੀ ਕਿ ਮਨੁੱਖ ਦੇ ਰਾਹੀਂ ਸ਼ੁਰੂ ਹੋਈ ਸੀ, ਨਿੱਕ, ਨਿਕੋਲਸ। ਜਿਹਨੂੰ ਕਿ ਇੱਕ ਚੇਲਾ ਹੋਣਾ ਚਾਹੀਦਾ ਸੀ ਜੋ ਕਿ ਇੱਕ ਕਿਸਮ ਦੇ ਨਾਲ ਦੂਰ ਚਲਿਆ ਗਿਆ। ਉਹਨੇ ਇੱਕ ਅੱਕੀਦਾ ਬਣਾ ਦਿੱਤਾ, ਜਾਂ ਇਸ ਤਰ੍ਹਾਂ ਦਾ ਕੁਝ ਹੋਰ, ਤੇ ਉੱਥੋਂ ਨਿਕੁਲਾਈ ਸ਼ੁਰੂ ਹੋ ਗਏ। ਇਹ ਪਹਿਲਾਂ, ਇੱਕ ਕੰਮ ਸਨ ਜੋ ਅਫਸੁਸ ਵਿੱਚ "ਕੰਮ" ਸਨ ਉਹ ਅਗਲੇ ਯੁੱਗ ਵਿੱਚ "ਤਾਲੀਮ" ਬਣ ਗਏ। ਤੇ ਹਨੇਰੇ ਦੇ ਦੁਖ ਭੋਗਣ ਵਾਲੇ, ਸਤਾਏ ਜਾਣ ਵਾਲੇ ਯੁਗਾਂ ਵਿੱਚ ਚਲੇ ਗਏ।

69 ਤੇ ਇਹੋ ਹੀ ਨਿਕੁਲਾਈਆਂ ਦੀ ਸਿੱਖਿਆ ਜਿਹੜੀ ਇੱਥੇ ਪਹਿਲੀ ਕਲੀਸੀਆ ਵਿੱਚ ਸ਼ੁਰੂ ਹੋਈ। ਪਹਿਲੇ ਤਿੰਨ ਜਾਂ ਚਾਰ ਰਸੂਲਾਂ ਦੇ ਦੌਰ ਦੇ

ਬਾਅਦ ਇਹ ਕੰਮ ਬਣ ਗਏ। ਉਹਨਾਂ ਨੇ ਸੋਚਣਾ ਸ਼ੁਰੂ ਕੀਤਾ, "ਠੀਕ ਹੈ। *ਇਹ* ਇੰਝ ਹੋਵੇਗਾ"। ਹੁਣ ਤੁਸੀਂ ਸਭ ਜਾਣਦੇ ਹੋ ਕਿ ਕਿੰਝ ਇਹ ਬਾਹਰ ਆਇਆ, ਤੁਸੀਂ ਬਾਈਬਲ ਦੇ ਪਾਠਕੋ।

70 ਹੁਣ ਇਹ ਲੱਗਭਗ ਸੰਨ 600 ਜਾਂ...306 ਵਿੱਚ ਸ਼ੁਰੂ ਹੋਇਆ ਜਿਹਨੂੰ ਕਿ ਉਹ ਕਾਂਸਟੇਨਟਾਈਨ ਦੀ ਤਬਦੀਲੀ ਆਖਦੇ ਹਨ। ਉਹ ਤਾਂ ਹਰਗਿਜ ਵੀ ਨਹੀਂ ਸੀ ਬਦਲਿਆ। ਉਹ ਆਦਮੀ ਜਿਹੜਾ ਗੰਦੀਆਂ ਗੱਲਾਂ ਕਰਦਾ ਸੀ, ਜਿਹੜੀਆਂ ਉਸ ਆਦਮੀ ਨੇ ਕੀਤੀਆਂ, ਉਹ ਨਹੀਂ ਸੀ ਬਦਲਿਆ। ਇਹ ਠੀਕ ਹੈ। ਸਿਰਫ਼ ਉਹਨੇ ਜੋ ਇੱਕ ਕੰਮ ਕੀਤਾ, ਇਹਦੇ ਪ੍ਰਤੀ ਜੋ ਉਹਦਾ ਕੋਈ ਧਰਮ ਸੀ ਉਹ ਇਹ ਸੀ ਕਿ ਉਸਨੇ ਸੰਤ ਸੋਫੀਆ ਦੇ ਗਿਰਜੇ ਉੱਤੇ ਇੱਕ ਸਲੀਬ ਲਗਵਾ ਦਿੱਤੀ ਸੀ। ਤੇ ਕੀ ਇਹ ਸੁਰਗ ਦੇ ਵਿੱਚ ਜਾਣ ਦੇ ਲਈ ਕੁਝ ਵੀ ਨਹੀਂ ਸੀ? ਠੀਕ ਹੈ। ਉਹਨੇ ਮਸੀਹੀ ਲੋਕਾਂ ਨੂੰ ਦੱਸਿਆ ਜੇ ਉਹ ਉਸ ਯੁੱਧ ਨੂੰ ਜਿੱਤ ਲਵੇ, ਤਾਂ ਉਹ ਮਸੀਹੀ ਹੋ ਜਾਵੇਗਾ। ਅਤੇ ਉਹਨਾਂ ਨੇ ਪ੍ਰਾਰਥਨਾ ਕੀਤੀ ਤੇ ਉਹਨੇ ਜਾ ਕੇ ਉਹ ਜੰਗ ਜਿੱਤ ਲਈ। ਜਾਂ ਉਹ ਲੜ੍ਹਾਈ ਜਿੱਤ ਲਈ। ਤੇ ਉਹਨੇ ਆਣ ਕੇ ਕਿਹਾ, "ਠੀਕ ਹੈ, ਮੈਂ ਗਿਰਜੇ ਵਿੱਚ ਸ਼ਾਮਿਲ ਹੋ ਜਾਵਾਂਗਾ"। ਅੱਜ ਦੇ ਗਿਰਜੇ ਦੇ ਸਿਲਗਰਮ ਮੈਂਬਰਾਂ ਦੇ ਕਿਸਮ ਦਾ ਕਿੰਨਾ ਸੋਹਣਾ ਨਮੂਨਾ ਹੈ। ਇਹ ਠੀਕ ਹੈ। ਗਿਰਜੇ ਦੇ ਉੱਤੇ ਸਲੀਬ ਲੱਗਾ ਦਿੱਤੀ।

71 ਉਹਦੀ ਮੌਤ ਦੇ ਬਾਅਦ...ਉਹਦੇ ਦੋ ਤਿੰਨ ਪੁੱਤਰ ਸਨ; ਕਾਂਸਟੇਨਟਾਈਂਨ, ਕਾਂਸਟੇਨਟਿਉਸ, ਕਾਂਸਟੇਨਸਟੀਨੋਂਪਲ ਜਿਹਨਾਂ ਨੇ ਰੋਮ ਦਾ ਪੂਰਬ ਅਤੇ ਪੱਛਮ ਬਣਾਉਣਾ ਸ਼ੁਰੂ ਕਰ ਦਿੱਤਾ। ਅਤੇ ਉਹ ਅੱਡ ਹੋ ਗਏ। ਅਤੇ ਉੱਥੇ ਤਦ ਓਟੋਮੈਨ ਬਾਦਸ਼ਾਹੀ ਉਸ ਸਮੇਂ ਬਣ ਗਈ।

72 ਅਤੇ ਤਦ, ਉਹ ਦੂਜੇ, ਤੀਜੇ ਅਤੇ ਚੌਥੇ ਰਸੂਲਾਂ ਦੇ ਦੌਰ ਵਿੱਚ ਲੱਗਭਗ। ਤਦ ਪਹਿਲੀ ਕਲੀਸੀਆ ਤੁਸੀਂ ਜਾਣਦੇ ਹੋ। ਉਹਨਾਂ ਦੇ ਇੱਕ ਦੂਜੇ ਦੇ ਵਿਚਾਲੇ ਝਗੜਾ ਸ਼ੁਰੂ ਹੋ ਗਿਆ। ਅਤੇ ਉਹ ਟੁੱਟ ਗਏ। ਤੇ ਇੱਕ ਛੋਟਾ ਵਾਦ ਬਣ ਗਿਆ।

73 ਹਰੇਕ ਤੁਸੀਂ ਇੱਕ ਗਿਰਜਾ ਬਣਾ ਲਓ...ਜਦ ਉੱਥੇ ਉਹ ਵੈਸਲਿਅਨ ਮੇਥੋਡਿਸਟ ਗਿਰਜਾ ਸ਼ਕਤੀ ਵਿੱਚ ਸੀ। ਉਹ ਇੱਕ ਸ਼ਕਤੀ ਸੀ, ਜਦ ਜੋਹਨ ਵੈਸਲੀ ਇੱਥੇ ਸੀ। ਲੂਥਰਨ ਸਨ, ਆਪਣੇ ਸਮੇਂ ਵਿੱਚ; ਅਤੇ ਹਰੇਕ ਸੀ। ਪਰ ਜਰਾ ਨੀਂਹ ਰੱਖਣ ਵਾਲੇ ਨੂੰ ਮਰ ਜਾਣ ਦਿਓ। ਇੱਕ ਵਾਰੀ ਤਦ ਉਹ ਦੂਰ ਚਲੇ ਜਾਂਦੇ ਹਨ ਅਥਵਾ ਕੁਰਾਹੇ ਪੈ ਜਾਂਦੇ ਹਨ।

74 ਜਦ ਪਿਛਾਂਹ ਪ੍ਰਭੂ ਪਹਿਲੀ ਵਾਰੀ ਵਿਖਾਲੀ ਦਿੱਤਾ; ਉਹ ਚਾਹੁੰਦੇ ਸਨ ਕਿ ਮੈਂ ਇੱਕ ਜਥੇਬੰਦੀ ਸ਼ੁਰੂ ਕਰਾਂ। ਇਹਦੇ ਉੱਤੇ ਤੇ ਵਗੈਰਾ ਵਗੈਰਾ ਇਦਾਂ ਦਾ

ਕੁਝ। ਮੈਂ ਇੱਥੇ ਗਿਆ, ਮੈਂ ਵੇਖਿਆ ਕਿ ਜਿੱਥੇ ਡਵਾਇਟ ਮੂੜੀ ਇੱਕ ਮਹਾਨ ਨੀਂਹ ਰੱਖਣ ਵਾਲਾ ਮੂੜੀ ਬਾਈਬਲ ਇੰਸਟੀਟਯੂਟ। ਅਤੇ ਮੈਂ ਸੋਚਿਆ, "ਜੇ ਮੂੜੀ ਇਸ ਬਾਈਬਲ ਇੰਸਟੀਟਯੂਟ ਵੱਲ ਵੇਖ ਸਕੇ, ਉਹ ਮਨੁੱਖ ਕਾਹਦੇ ਲਈ ਖਲੌਤਾ ਸੀ, ਤੇ ਹੁਣ ਉਹ ਕੀ ਕਰਦੇ ਹਨ!"

75 ਠੀਕ ਹੈ, ਮੈਂ ਕਿਹਾ, "ਇੱਥੇ ਵੇਖੋ ਕਿ ਜੇ ਭਲਾ ਵੈਸਲੀ ਕੇਲਵਿਨ ਨੋਕਸ ਫ਼ੀਨੇ ਜਾਂ ਉਹਨਾਂ ਵਿੱਚੋਂ ਕੋਈ ਵੀ ਅੱਜ ਉਠ ਖੜ੍ਹੇ ਹੋਣ। ਤੇ ਕਲੀਸੀਆ ਨੂੰ ਵੇਖਣ ਕਿ ਉਹ ਕਿੱਥੇ ਹੈ!" ਔਹ, ਮੇਰਿਆ! ਸਮਝੇ, ਪਹਿਲਾ ਦੌਰ, ਜਦ ਆਦਮੀ ਉੱਥੇ ਖੜ੍ਹਾ ਹੈ, ਉਹ ਸੱਚਾਈ ਤੇ ਟਿਕਦਾ ਹੈ।

76 ਸਿਓਨ ਸ਼ਹਿਰ ਵਿੱਚ ਵਿਦਵਾਨ ਡੋਵੇਂ ਨੂੰ ਵੇਖੋ ਕਿਉਂ ਭਲਾ ਰੱਬੀ ਚੰਗਾਈ ਦੇ ਸਾਹਮਣੇ ਹਾਸਾ ਜਦ ਕਿ ਸ਼ਹਿਰ ਉਸੇ ਦੇ ਉੱਤੇ ਹੀ ਤਾਮੀਰ ਕੀਤਾ ਗਿਆ ਸੀ। ਜਦ ਡੋਵੇ ਮਰ ਗਿਆ, ਤਦ ਕੀ ਆਇਆ...ਬਲੇਕ, ਜੋਹਨ ਲੇਕ ਅਤੇ ਉਹ ਸਭ। ਤਦ ਪਹਿਲੀ ਗੱਲ ਤੁਸੀਂ ਜਾਣਦੇ ਹੋ ਤੇ ਇਹ ਆਲੇ ਦੁਆਲੇ ਇੰਨੀ ਲਿਪਟੀ ਗਈ ਹੈ। ਇੱਕ ਅਸੈਂਬਲੀ ਆਫ਼ ਗੋਡ ਵੀ ਇਹਦੇ ਵਿੱਚ ਸ਼ਾਮਿਲ ਹੋ ਗਏ ਹਨ ਅਤੇ ਹੁਣ ਇਹ ਇੱਕ ਵੱਡਾ ਰਸਮੀ ਕਿਸਮ ਦਾ ਸਮੂਹ ਬਣ ਗਿਆ ਹੈ। ਅਤੇ ਸਭ ਕੁਝ। ਤੇ ਕਲੀਸੀਆ ਦਾ ਭੱਠਾ ਬੈਠ ਗਿਆ ਹੈ ਤੇ ਉਹ ਪਿਛਾਂਹ ਡਿੱਗ ਪਏ ਹਨ, ਤੇ ਬੜੀ ਹੀ ਭਿਆਨਕ ਦਸ਼ਾ ਦੇ ਵਿੱਚ ਹਨ।

77 ਸੋ ਮੈਂ ਇਹ ਲੱਭਿਆ, ਕਿ ਬਾਈਬਲ ਨੇ ਇਹ ਆਖਿਆ ਹੈ, "ਦਾਊਦ ਨੇ ਪਰਮੇਸ਼ਵਰ ਦੀ ਸੇਵਾ ਆਪਣੀ ਪੀੜ੍ਹੀ ਵਿੱਚ ਚੰਗੀ ਤਰ੍ਹਾਂ ਕੀਤੀ"।

78 ਸੋ ਮੈਂ ਕਿਹਾ, "ਪ੍ਰਭੂ ਮੈਨੂੰ ਕੋਈ ਵੀ ਜਥੇਬੰਦੀ ਨਹੀਂ ਚਾਹੀਦੀ। ਮੈਂ ਤੇਰੀ ਸੇਵਾ ਪੂਰੇ ਦਿਲ ਨਾਲ ਕਰਨਾ ਚਾਹੁੰਦਾ ਹਾਂ, ਜਦ ਮੈਂ ਇੱਥੇ ਜਿਉਂਦਾ ਹਾਂ"। ਇਹ ਠੀਕ ਹੈ। "ਅਗਲੀ ਗੱਲ, ਜਦ ਮੈਂ ਚਲਿਆ ਜਾਵਾਂਗਾ ਤਾਂ ਤੂੰ ਕਿਸੇ ਹੋਰ ਆਦਮੀ ਨੂੰ ਲਵੇਂਗਾ। ਤੂੰ ਕਿਸੇ ਹੋਰ ਨੂੰ ਇਹਦੀ ਥਾਂ ਲੈਣ ਦੇਵੇਂਗਾ"। ਬਸ ਇੰਨਾਂ ਹੀ ਹੈ।

79 ਕਿਸੇ ਹੋਰ ਦੇ ਉੱਤੇ ਤੁਹਾਨੂੰ ਬਣਾਉਣ ਦੀ ਲੋੜ ਨਹੀਂ ਹੈ। ਤੁਸੀਂ ਉੱਥੇ ਹੀ ਮੈਦਾਨ ਵਿੱਚ ਅੱਗ ਨਹੀਂ ਲਾ ਸਕਦੇ। ਇਸਰਾਏਲ ਕੌਮ ਨੂੰ ਆਪਣਾ ਸਫ਼ਰ ਜਾਰੀ ਰੱਖਣਾ ਸੀ। ਜਦ ਉਹ ਰੁਕੇ, ਤਾਂ ਉਹ ਪਿਛਾਂਹ ਡਿੱਗ ਪਏ। ਉਹਨਾਂ ਨੇ ਹਰ ਰਾਤ ਚੱਲਦੇ ਹੀ ਰਹਿਣਾ ਸੀ; ਹਰ ਰਾਤ ਉਹਨਾਂ ਨੇ ਨਵੀ ਅੱਗ ਲਾਉਣੀ ਸੀ। ਉਹ ਚੱਲਦੇ ਹੀ ਰਹੇ। ਅਤੇ ਇਹੋ ਹੀ ਅਸੀਂ ਵੀ ਕਰਨਾ ਹੈ। ਜੋ ਲੂਥਰ ਦੇ ਕੋਲ ਸੀ ਉਹ ਵਧੀਆ ਸੀ; ਇਹ ਲੂਥਰਨ ਦੇ ਦਿਨ ਦੇ ਲਈ ਸੀ। ਜੋ ਵੈਸਲੀ ਦੇ ਕੋਲ ਸੀ ਉਹ ਵਧੀਆ ਸੀ। ਉਹ ਵੈਸਲੀ ਦੇ ਦਿਨ ਦੇ ਲਈ ਸੀ। ਤੇ ਜੋ ਹੋਲੀਨੇਸ ਵਾਲਿਆਂ ਦੇ ਕੋਲ ਸੀ ਉਹ ਵਧੀਆ ਸੀ; ਇਹ ਉਹਨਾਂ ਦੇ ਦਿਨ ਦੇ ਲਈ ਸੀ। ਪਰ ਅਸੀਂ ਤਾਂ ਕਿਸੇ ਹੋਰ ਦਿਨ ਦੇ ਵਿੱਚ ਰਹੀ ਰਹੇ ਹਾਂ। ਹੁਣ ਅਸੀਂ ਅਗਾਂਹ

ਵੱਧ ਰਹੇ ਹਾਂ। ਅਤੇ ਜੇ ਸਾਡੇ ਬਾਅਦ ਕੋਈ ਦਿਨ ਹੋਵੇ, ਤਾਂ ਉਹ ਤਾਂ ਉਦਾਂ ਹੀ ਆਵੇਗਾ। ਪਰ ਆਓ ਉਸ ਰੋਸ਼ਨੀ ਵਿੱਚ ਚੱਲੀਏ ਜਦ ਕਿ ਉਹ ਰੋਸ਼ਨੀ ਇੱਥੇ ਹੈ।

80 ਅਤੇ ਮੈਂ ਇਹਦੇ ਉੱਤੇ ਧਿਆਨ ਦਿੰਦਾ ਹਾਂ ਤੇ ਉੱਥੇ ਇਹ ਤਾਲੀਮ ਆ ਗਈ। ਪਹਿਲੀ ਗੱਲ ਤੁਸੀਂ ਜਾਣਦੇ ਹੋ ਕਿ ਕੀ ਹੋਇਆ, ਤੇ ਇਹਨੇ ਕਿਸ ਤਰ੍ਹਾਂ ਦੇ ਵਾਦ ਬਣਾ ਦਿੱਤੇ। ਤਦ, ਰੋਮੀ ਲੋਕ ਬਦਲੇ, ਅਤੇ ਹੁਣ ਹੋਰ ਹਕੂਮਤ, ਜਦੋਂ ਤੋਂ ਉਹਨਾਂ ਨੇ ਪਹਿਲਾਂ ਰਾਜ ਪਾਠ ਸੰਭਾਲਿਆ, ਤੇ ਗੈਰਕੌਮਾਂ ਨੂੰ ਯੂਨਾਨ ਕੋਲੋਂ ਜਿੱਤਿਆ, ਮਹਾਨ ਸਿਕੰਦਰ ਦੇ ਪਤਨ ਦੇ ਬਾਅਦ ਰੋਮੀ ਲੋਕ ਸੰਸਾਰ ਦੇ ਅੰਦਰ ਛਾਏ ਰਹਿਣ ਵਾਲੀ ਕੌਮ ਰਹੀ ਹੈ। ਰੋਮੀ ਲੋਕ, ਗੈਰਕੌਮਾਂ ਦਾ ਯੁੱਗ। ਦਰਸ਼ਨ ਵਿੱਚ, ਦਾਨੀਏਲ ਨੇ ਇੰਝ ਹੀ ਆਖਿਆ ਸੀ। ਕੁਝ ਪਲਾਂ ਦੇ ਬਾਅਦ ਅਸੀਂ ਇਹਨੂੰ ਲਵਾਂਗੇ। ਰੋਮੀ ਲੋਕਾਂ ਦੇ ਕੋਲ ਹਮੇਸ਼ਾ ਹੀ ਸੰਸਾਰ ਤੇ ਛਾਏ ਰਹਿਣ ਦੀ ਸ਼ਕਤੀ ਰਹੀ ਹੈ।

81 ਅਤੇ ਤਦ ਅਸੀਂ ਪਤਾ ਲਾਇਆ ਕਿ ਉਹਨਾਂ ਨੇ ਉੱਥੇ ਇੱਕ ਗਿਰਜੇ ਦੀ ਸੰਸਥਾ ਬਣਾ ਲਈ। ਤੇ ਕੁਝ ਲੋਕਾਂ ਦਾ ਸਮੂਹ ਇਕੱਠਾ ਹੋ ਗਿਆ ਤਕਰੀਬਨ 606 ਲੋਕਾਂ ਦਾ, ਤੇ ਉਹਨਾਂ ਨੇ ਆਪਣੇ ਆਪ ਨੂੰ ਪਹਿਲੇ ਪਿੱਤਰ ਅਖਵਾਇਆ, ਗਿਰਜੇ ਦੇ ਪਿੱਤਰ। ਮਨੁੱਖਾਂ ਦਾ ਸਮੂਹ ਇਕੱਠਾ ਹੋ ਗਿਆ ਹੈ, ਤੇ ਉਹਨਾਂ ਨੇ ਸਭਾ ਲਾਇ ਕਿ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ; ਤੇ ਉਹਨਾਂ ਨੇ ਇੱਕ ਜਥੇਬੰਦੀ ਬਣਾ ਲਈ।

82 ਤੇ ਮੈਨੂੰ ਇੱਥੇ ਬੋਲਣ ਦਿਓ। ਮੇਰੇ ਪਿਆਰੇ ਮਸੀਹੀ ਮਿੱਤਰੋ, ਪ੍ਰੋਟੈਸਟੈਂਟ ਅਤੇ ਕੈਥੋਲਿਕ ਦੋਵੇਂ ਹੀ। ਹੁਣ ਮੇਰਾ ਅੰਦਾਜਾ ਹੈ ਕਿ ਇੱਥੇ ਕੈਥੋਲਿਕ ਮਿੱਤਰ ਵੀ ਬੈਠੇ ਹੋਏ ਹਨ। ਮੈਂ ਤਾਂ ਇਹ ਤੁਹਾਡੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਨਹੀਂ ਕਹਿ ਰਿਹਾ। ਕੁਝ ਪਲ ਬੈਠ ਜਾਓ, ਤੇ ਅਸੀਂ ਬ੍ਰਾਨਹਮ ਡੇਰੇ ਨੂੰ ਵੀ ਇਸੇ ਵਿੱਚ ਹੀ ਲਿਆਵਾਂਗੇ, ਸਮਝੇ, ਇੱਕ ਮਿੰਟ ਠਹਿਰੋ। ਅਸੀਂ ਸਿਰਫ਼ ਸੁਸਮਾਚਾਰ ਦਾ ਹੀ ਪ੍ਰਚਾਰ ਕਰਨਾ ਹੈ ਜਿਵੇਂ ਕਿ ਇਹ ਇੱਥੇ ਰੱਖਿਆ ਗਿਆ ਹੈ।[ਭਾਈ ਬ੍ਰਾਨਹਮ ਪੰਜ ਵਾਰ ਪੁਲਪਿਤ ਖੜਕਾਉਂਦੇ ਹਨ—ਸੰਪਾ] ਕੋਈ ਪਰਵਾਹ ਨਹੀਂ ਕਿੱਥੇ...ਯੂਹੰਨਾ ਨੇ ਕਿਹਾ, "ਕੁਲਹਾੜਾ ਰੁੱਖ ਦੀ ਜੜ੍ਹ ਤੇ ਰੱਖਿਆ ਹੋਇਆ ਹੈ"। ਤੇ ਚਿੱਪਰਾਂ ਨੂੰ ਜਿੱਥੇ ਉਹ ਚਾਹੁੰਦੀਆਂ ਹਨ ਉੱਥੇ ਹੀ ਉੱਡ ਲੈਣ ਦਿਓ। ਇਹ ਠੀਕ ਹੈ। ਉਹਨੇ ਤਾਂ ਰੁੱਖਾਂ ਤੇ ਚੀਜਾਂ ਨੂੰ ਕੱਟਣਾ ਹੈ।

83 ਪਰ ਵੇਖੋ ਉੱਥੇ ਉਹਨਾਂ ਨੇ ਪਹਿਲੀ ਕਲੀਸੀਆ ਨੂੰ ਜਥੇਬੰਦ ਕਰ ਦਿੱਤਾ। ਅਤੇ ਉਹ ਇਕੱਠੇ ਹੋ ਗਏ। ਅਤੇ ਪਹਿਲੀ ਕਲੀਸੀਆ ਨੂੰ ਜਥੇਬੰਦ ਕੀਤਾ, ਜੋ ਕਿ ਵਿਸ਼ਵਭਰ ਦੀ ਕਲੀਸੀਆ ਜਾਂ ਰੋਮ ਵਿੱਚ ਕੈਥੋਲਿਕ ਚਰਚ ਅਖਵਾਉਂਦਾ

ਸੀ। ਅਤੇ ਕੈਥੋਲਿਕ ਲੋਕ ਆਖਦੇ ਹਨ ਇਹ “ਮਦਰ ਚਰਚ” ਹੈ ਅਥਵਾ ਮੁੱਢਲੀ ਕਲੀਸੀਆ ਹੈ। ਬਿਲਕੁਲ ਸੱਚਾਈ ਹੈ। ਇਹ ਤਾਂ ਜਥੇਬੰਦੀ ਦੀ ਮੁੱਢਲੀ ਕਲੀਸੀਆ ਹੈ। ਬਿਲਕੁਲ ਠੀਕ ਹੈ। ਸਾਰੇ ਸੰਸਾਰ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰੀ ਹੈ ਕਿ ਜਦ ਕਦੇ ਕਲੀਸੀਆ ਜਥੇਬੰਦ ਹੋਈ। ਅਤੇ ਜਦ ਤੋਂ ਸਮੇਂ ਦੀ ਪੌਹ ਫੁੱਟੀ ਉਦੋਂ ਤੋਂ ਇਹ ਕਦੇ ਵੀ ਨਹੀਂ ਸੀ।

84 ਇਸਰਾਏਲ ਦੇ ਦਿਨਾਂ ਵਿੱਚ ਇਹ ਕਦੇ ਵੀ ਜਥੇਬੰਦ ਨਹੀਂ ਸਨ। ਉਹ ਤਾਂ ਇੱਕ ਜਾਤੀ ਸੀ ਪਰ ਇੱਕ ਜਥੇਬੰਦੀ ਨਹੀਂ। ਅਤੇ ਯਿਸੂ ਮਸੀਹ ਨੇ ਕਦੇ ਵੀ ਕਲੀਸੀਆ ਨੂੰ ਜਥੇਬੰਦ ਨਹੀਂ ਸੀ ਕੀਤਾ। ਅਤੇ ਕਦੇ ਵੀ ਕਿਸੇ ਰਸੂਲ ਨੇ ਕਲੀਸੀਆ ਨੂੰ ਜੱਥੇਬੰਦ ਨਹੀਂ ਸੀ ਕੀਤਾ। ਤੇ ਰਸੂਲਾਂ ਦੇ ਬਾਅਦ ਵੀ ਤਿੰਨ ਜਾਂ ਚਾਰ ਪੀੜ੍ਹੀਆਂ ਦੇ ਦੌਰਾਨ ਵੀ ਕਿਸੇ ਵੀ ਸਮੇਂ ਉਹਨਾਂ ਨੇ ਕਲੀਸੀਆ ਨੂੰ ਜਥੇਬੰਦ ਨਹੀਂ ਕੀਤਾ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਤਿਹਾਸ ਲੈ ਕੇ ਆਓ, ਤੇ ਆਪਣੀ ਉਂਗਲ ਉਹਦੇ ਤੇ ਰੱਖੋ, ਤੇ ਮੈਨੂੰ ਵਿਖਾਓ ਕਿ ਇਹ ਕਿੱਥੇ ਹੈ। ਮੈਂ ਯੋਸੇਫੂਸ ਤੇ ਅਤੇ ਉਹਨਾਂ ਸਭ ਸਿਰ ਕੱਢ ਇਤਿਹਾਸ ਨੂੰ ਪੜ੍ਹਿਆ ਹੈ। ਜੋ ਅੱਜ ਸੰਸਾਰ ਦੇ ਵਿੱਚ ਪਾਏ ਜਾਂਦੇ ਹਨ। ਜਿਹਨਾਂ ਦੇ ਬਾਰੇ ਮੈਂ ਜਾਣਦਾ ਹਾਂ। ਕਿਉਂਕਿ ਮੈਂ ਪੱਕਿਆ ਹੋਇਆ ਹਾਂ, ਮੈਂ ਇਹ ਧਿਆਨ ਹਜਾਰਾਂ ਹੀ ਲੋਕਾਂ ਦੇ ਸਾਹਮਣੇ ਦੇ ਰਿਹਾ ਹਾਂ, ਜੋ ਤੁਸੀਂ ਗੱਲਬਾਤ ਕਰਦੇ ਹੋ ਤੁਸੀਂ ਉਹਦਾ ਸਬੂਤ ਵੀ ਦੇਣ ਹੈ ਉਹਦੇ ਪਿੱਛੇ ਖੜ੍ਹੇ ਰਹਿਣ ਦੇ ਯੱਗ ਵੀ ਹੋਣਾ ਹੈ। ਇਹ ਠੀਕ ਹੈ। ਕਦੇ ਵੀ ਕੋਈ ਜਥੇਬੰਦੀ ਨਹੀਂ ਹੈ।

85 ਸੰਤ ਪਤਰਸ ਹਰਗਿਜ ਵੀ ਕੈਥੋਲਿਕ ਗਿਰਜੇ ਦੀ ਨੀਂਹ ਧਰੀ। ਮੈਂ ਕੋਈ ਇਤਿਹਾਸ ਜਾਂ ਕੋਈ ਲਿਖਤ ਇਹਦੇ ਬਾਰੇ ਚਾਹੁੰਦਾ ਹਾਂ। ਸੰਤ ਪਤਰਸ ਇੱਕ ਸ਼ਾਦੀਸ਼ੁਦਾ ਆਦਮੀ ਸੀ। ਤੁਸੀਂ ਆਖਿਆ ਹੈ ਕਿ ਉਹ ਇੱਕ ਪੌਪ ਸੀ। ਉਹ ਪੌਪ ਨਹੀਂ ਹੋ ਸਕਦਾ। ਬਾਈਬਲ ਨੇ ਆਖਿਆ, “ਉਹਦੀ ਪਤਨੀ ਦੀ ਮਾਂ ਬੁਖਾਰ ਨਾਲ ਪਈ ਹੋਈ ਸੀ”। ਤੇ ਯਿਸੂ ਨੇ ਉਹਨੂੰ ਚੰਗਿਆਂ ਕੀਤਾ। ਤੇ ਜਿੱਥੋਂ ਤਕ ਮੈਂ ਜਾਣਦਾ ਹਾਂ ਸੰਤ ਪਤਰਸ ਹਰਗਿਜ ਵੀ ਰੋਮ ਵਿੱਚ ਨਹੀਂ ਸੀ। ਅਤੇ ਕੋਈ ਵੀ ਇਤਿਹਾਸ ਨਹੀਂ ਹੈ ਜਿਹਨੇ ਕਦੇ ਵਿਖਾਇਆ ਹੋਵੇ ਕਿ ਉਹ ਰੋਮ ਵਿੱਚ ਸੀ। ਅਤੇ ਇਹ ਗਲਤੀ ਹੈ।

86 ਪਰ ਉਹਨਾਂ ਨੇ ਜਥੇਬੰਦੀ ਕੀਤੀ ਤੇ ਇੱਕ ਗਿਰਜੇ ਨੂੰ ਇਕੱਠਿਆਂ ਕੀਤਾ ਤੇ ਇਹਨੂੰ ਵਿਸ਼ਵਭਰ ਦਾ ਗਿਰਜਾ ਆਖਿਆ। ਤੇ ਉੱਥੇ ਉਹਨਾਂ ਨੇ ਵਿਸ਼ਵਵਿਆਪਕ ਪ੍ਰਾਰਥਨਾ ਕੀਤੀ। ਉਹਨਾਂ ਦਾ ਸੰਪੂਰਨ ਤਾਲਮੇਲ ਸੀ। ਹਰੇਕ ਨੇ ਇਕੱਠੇ ਰਹਿਣਾ ਹੈ ਹਰੇਕ ਨੇ ਉਹੋ ਹੀ ਆਖਣਾ ਹੈ। ਤੇ ਉਹੋ ਹੀ ਪ੍ਰਾਰਥਨਾ ਵੀ ਕੀਤੀ ਗਈ ਸੀ।

87 ਉਹਨਾਂ ਨੇ ਕੁਝ ਲਿਖਤਾਂ ਤਿਆਰ ਕਰ ਲਈਆਂ, ਕੁਝ ਤਾਂ ਬਾਈਬਲ ਵਿੱਚੋਂ ਲਈਆਂ ਤੇ ਕੁਝ ਆਪਣੇ ਆਪ ਘੜ ਲਈਆਂ। ਬਾਈਬਲ ਦੀਆਂ ਪਵਿੱਤਰ ਕਿਤਾਬਾਂ ਵਿੱਚ ਕਦੇ ਵੀ ਕੀਤੇ ਪਰਗੇਟਰੀ ਸ਼ਬਦ ਇਸਤੇਮਾਲ ਨਹੀਂ ਕੀਤਾ ਗਿਆ। ਅਤੇ ਨਾ ਹੀ ਧੰਨ ਹੈਂ ਤੂੰ ਮਰੀਅਮ ਇਸ ਤਰ੍ਹਾਂ ਦਾ ਕੁਝ ਵੀ ਨਹੀਂ। ਇਹ ਤਾਂ ਲਿਖਤਾਂ ਵਿੱਚ ਹਰੇਕ ਥਾਂ ਉਲਟ ਹੈ। ਕਦੇ ਵੀ ਕਿਸੇ ਵੀ ਸਮੇਂ ਇਹ ਨਹੀਂ ਸੀ। ਜੇ ਤੁਹਾਨੂੰ ਕੋਈ ਜਗ੍ਹਾ ਮਿਲ ਜਾਵੇ, ਤਾਂ ਤੁਹਾਨੂੰ ਇਹ ਮੌਕਾ ਹੈ ਕਿ ਕਲ ਰਾਤ ਤੁਸੀਂ ਆਣ ਕੇ ਤੇ ਮੈਨੂੰ ਠੀਕ ਕਰੋ। ਇਹ ਉੱਥੇ ਨਹੀਂ ਹੈ ਕਿਤੇ ਵੀ ਨਹੀਂ ਹੈ। ਆਪਣੇ ਪਾਦਰੀ ਜਾਂ ਪਾਸਟਰ ਨੂੰ ਲੈ ਕੇ ਆਓ। ਲਿਖਤਾਂ ਵਿੱਚ ਕਿਸੇ ਵੀ ਥਾਂ ਨਹੀਂ ਹੈ, ਜਿੱਥੇ ਕਿ ਇਹਦਾ ਜਿਕਰ ਕਦੇ ਕੀਤਾ ਗਿਆ ਹੋਵੇ।

88 ਪਰ ਸਿਰਫ਼ ਇੱਥੇ ਮਾਕੇਬੀਜ ਦੀ ਇਹ ਛੋਟੀ ਕਿਤਾਬ ਹੈ ਜਿਹੜੀ ਕਿ ਇਹਦੇ ਵਿਚ ਜੋੜੀ ਗਈ ਸੀ, ਜੋ ਕਿ ਪ੍ਰੇਰਣਾ ਪਾਈ ਹੋਈ ਨਹੀਂ ਹੈ। ਉਹ ਚੀਜਾਂ ਜਿਹੜੀਆਂ ਇਹਦੇ ਵਿੱਚ ਪਾਈਆਂ ਗਈਆਂ ਜਾਂ ਇਹਦੇ ਵਿੱਚੋਂ ਲਈਆਂ ਗਈਆਂ। *ਇਹ* ਬਾਈਬਲ ਹੀ ਇੱਕੋ ਇੱਕ ਕਿਤਾਬ ਹੈ। ਇਹ...ਇਹ ਤਾਂ ਪਹਿਲੇ ਬਾਣੀਆਂ ਦੇ ਦੁਆਰਾ ਮਸ਼ਹੂਰ ਕੀਤੀ ਗਈ ਸੀ। ਜਾਂ ਫਿਰ ਕੋਈ ਵੀ ਜੋ ਕਿ ਪਹਿਲੀ ਕਲੀਸੀਆ ਦਾ ਇਤਿਹਾਸਕਾਰ ਸੀ, ਕਤੜਵਾਦੀ ਯਹੂਦੀਆਂ ਦੇ ਕਿਸੇ ਵੀ ਸਮੇਂ ਵਿੱਚ, ਉਹਨਾਂ ਨੇ ਕਿਸੇ ਵੀ ਹੋਰ ਚੀਜ ਨੂੰ ਮੰਜੂਰੀ ਨਹੀਂ ਦਿੱਤੀ, ਪਰ ਇਸ ਬਾਈਬਲ ਨੂੰ ਜੋ ਸਾਡੇ ਕੋਲ ਅੱਜ ਹੈ।

89 ਹੁਣ ਤਦ ਉਹਦੇ ਵਿੱਚ ਧਿਆਨ ਨਾਲ ਸੁਣੋ। ਹੁਣ ਤੁਸੀਂ ਸੋਚਦੇ ਕਿ ਕੈਥੋਲਿਕ ਮਾਰ ਖਾ ਰਹੇ ਹਨ? ਇੱਕ ਪਲ ਲਈ ਠਹਿਰੋ, ਸਮਝੇ?

90 ਹੁਣ ਤਦ ਉਹਨਾਂ ਨੇ ਕੈਥੋਲਿਕ ਕਲੀਸੀਆ ਨੂੰ ਜਥੇਬੰਦ ਕੀਤਾ, ਤੇ ਉਹਨਾਂ ਨੇ ਸਤਾਉਣਾ ਸ਼ੁਰੂ ਕਰ ਦਿੱਤਾ। ਤੁਹਾਨੂੰ ਹਰੇਕ ਨੂੰ ਸਭਨੀ ਥਾਈ ਜੋੜਨਾ ਸੀ। ਕਲੀਸੀਆ ਅਤੇ ਸਰਕਾਰ, ਇਕੱਠੇ ਜੁੜ ਗਏ, ਤੇ ਮੂਰਤੀਪੂਜਕ ਰੋਮ ਨੂੰ ਅੰਦਰ ਲਿਆ ਕੇ ਪੋਪ ਵਾਲਾ ਰੋਮ ਬਣਾ ਦਿੱਤਾ। ਦੂਜੇ ਸ਼ਬਦਾਂ ਵਿੱਚ ਮੂਰਤੀਪੂਜਕ ਅੰਧਵਿਸ਼ਵਾਸ ਤੋਂ, ਉਹਨਾਂ ਨੇ ਮਸਿਹਟ ਨੂੰ ਆਪਣੇ ਹੀ ਢੰਗ ਦਾ ਰੂਪ ਦਿੱਤਾ। ਸਮਝੇ? ਉਹ ਇਹ ਨਹੀਂ ਸਮਝ ਸਕੇ ਕਿ ਕਿਉਂ ਆਦਮੀ ਖੜ੍ਹਾ ਹੋ ਕੇ ਤੇ ਕਿਸੇ ਨਾਚੀਜ ਦੇ ਅੱਗੇ ਪ੍ਰਾਰਥਨਾ ਕਰੇਗਾ। ਉਹ ਮੂਰਤੀਪੂਜਕ ਸਨ। ਤੇ ਉਹਨਾਂ ਨੇ ਵੀਨਸ ਦੇਵੀ ਨੂੰ ਹਟਾ ਕੇ ਤੇ ਮਰੀਅਮ ਦਾ ਬੁੱਤ ਖੜ੍ਹਾ ਕਰ ਦਿੱਤਾ। ਅਤੇ ਯੂਪੀਟਰ ਨੂੰ ਹਟਾ ਕੇ ਤੇ ਪੀਟਰ ਪਤਰਸ ਦਾ ਬੁੱਤ ਖੜ੍ਹਾ ਕਰ ਦਿੱਤਾ। ਪੂਜਾ ਕਰਨ ਲਈ ਕਿਸੇ ਵੀ ਕਿਸਮ ਦਾ ਬੁੱਤ। ਅਤੇ ਉਹ ਉਹਦੇ ਅੱਗੇ ਪੂਜਾ ਕਰਦੇ ਸਨ। ਅਤੇ ਉਹਨਾਂ ਨੇ ਇੱਕ ਵਿਸ਼ਵਵਿਆਪੀ ਪ੍ਰਾਰਥਨਾ ਤਿਆਰ ਕੀਤੀ ਅਤੇ

ਲਤੀਨੀ ਭਾਸ਼ਾ ਵਿੱਚ ਉਹਨੂੰ ਪੜ੍ਹਿਆ ਤਾਂ ਕਿ ਇਹ ਕਦੇ ਵੀ ਨਿਸਫਲ ਨਹੀਂ ਹੋਵੇਗੀ। ਵਗੈਰਾ ਵਗੈਰਾ। ਉਹ ਹਮੇਸ਼ਾ ਹੀ ਉਹਨੂੰ ਪੜ੍ਹਦੇ ਹਨ।

91 ਤੁਸੀਂ ਬਾਈਬਲ ਦੇ ਆਧਾਰ ਤੇ ਕਿਸੇ ਕੈਥੋਲਿਕ ਜਾਂ ਕੈਥੋਲਿਕ ਦੇ ਬਿਨਾਂ ਕਿਸੇ ਵੀ ਪਾਦਰੀ ਦੇ ਨਾਲ ਵਿਚਾਰ ਵਟਾਂਦਰਾ ਜਾਂ ਬਹਿਸਬਾਜੀ ਨਹੀਂ ਕਰ ਸਕਦੇ।

92 ਇੱਥੇ ਇੱਕ ਜਵਾਨ ਪਾਦਰੀ ਬੈਠਾ ਹੋਇਆ ਹੈ, ਮੇਰੇ ਘਰ ਹੁਣੇ ਬੈਠਾ ਸੀ। ਉਹਨੇ ਕਿਹਾ, "ਤੁਸੀਂ ਪ੍ਰੋਟੈਸਟੇਨਟੋ, ਤੁਸੀਂ ਬਾਈਬਲ ਨੂੰ ਪੜ੍ਹੋ ਅਤੇ ਘਰੇ ਹੀ ਰਹੋ। ਅਸੀਂ ਕੈਥੋਲਿਕ ਚਰਚ ਜਾਂਦੇ ਹਾਂ ਅਤੇ ਉਪਾਸਨਾ ਕਰਦੇ ਹਾਂ"।

ਮੈਂ ਕਿਹਾ, "ਪਰ ਕੀ? ਇਹੀ ਉਹ ਹੈ। ਹੁਣ ਮੈਨੂੰ ਇਹਦਾ ਜਵਾਬ ਦੇ"।

ਉਹਨੇ ਕਿਹਾ, "ਪਰਮੇਸ਼ਵਰ ਆਪਣੀ ਕਲੀਸੀਆ ਵਿੱਚ ਹੈ"।

93 ਮੈਂ ਕਿਹਾ, "ਉਹ...ਇੱਕ ਵੀ ਲਿਖਤ ਇਹਦੇ ਬਾਰੇ ਨਹੀਂ ਆਖਦੀ"। ਮੈਂ ਕਿਹਾ, "ਪਰਮੇਸ਼ਵਰ ਆਪਣੇ ਵਚਨ ਵਿੱਚ ਹੈ। ਉਸਨੇ ਕਿਹਾ, 'ਹਰੇਕ ਮਨੁੱਖ ਦਾ ਵਚਨ ਝੂਠਾ ਅਤੇ ਮੇਰਾ ਵਚਨ ਸਚਾ ਠਹਿਰੇ'"।

94 ਉਹਨੇ ਕਿਹਾ, "ਕੀ ਤੁਸੀਂ ਸੋਚਦੇ ਹੋ ਕਿ ਮਨੁੱਖਾਂ ਦਾ ਸਾਰਾ ਸਮੂਹ ਇਕੱਠੇ ਸਭਾ ਲਾਉਂਦੇ ਹੋਣ ਤੇ ਉਹ ਇੱਕ ਆਦਮੀ ਨਾਲੋਂ ਵੱਧ ਇਖਤਿਆਰ ਵਾਲੇ ਹੋਣਗੇ"।

95 ਮੈਂ ਕਿਹਾ, ਨਹੀਂ। ਜੇ ਇੱਕ ਆਦਮੀ ਪਰਮੇਸ਼ਵਰ ਦੀ ਮਰਜੀ ਵਿੱਚ ਹੈ, ਤਾਂ ਉਹਦੇ ਕੋਲ ਸੱਚਾਈ ਹੈ। ਇਹ ਹਮੇਸ਼ਾ ਸਿੱਧ ਹੋ ਚੁੱਕਿਆ ਹੈ।

96 ਜਿਵੇਂ ਯਹੋਸ਼ਫਾਟ ਤੇ ਮਿਕਾਹ ਦੇ ਵਿਚਾਲੇ ਸੀ। ਪਿਛਲੇ ਐਤਵਾਰ ਅਸੀਂ ਇਸ ਸਬਕ ਦਾ ਅਧਿਐਨ ਕੀਤਾ ਸੀ। ਜਦ ਮਿਕਾਹ ਉੱਥੇ ਗਿਆ ਤੇ ਚਾਰ ਸੌ ਪ੍ਰਚਾਰਕ ਉੱਥੇ ਖੜ੍ਹੇ ਹੋ ਆਖ ਰਹੇ ਸਨ, ਕਿ ਚੜ੍ਹਾਈ ਕਰ। ਪ੍ਰਭੂ ਤੇਰੇ ਸੰਗ ਹੈ। ਚੜ੍ਹਾਈ ਕਰ। ਪ੍ਰਭੂ ਤੇਰੇ ਸੰਗ ਹੈ।

ਯਹੋਸ਼ਫਾਟ ਨੇ ਆਖਿਆ, "ਕੀ ਕੋਈ ਹੋਰ ਵੀ ਨਬੀ ਹੈ?"

ਆਹਾਬ ਨੇ ਆਖਿਆ, "ਮਿਕਾਹ ਹੈ ਪਰ ਮੈਂ ਉਹਦੇ ਨਾਲ ਨਫ਼ਰਤ ਕਰਦਾ ਹਾਂ"।

ਉਹਨੇ ਆਖਿਆ, "ਆਓ ਉਹਦੀ ਸੁਣੀਏ ਉਹ ਕੀ ਆਖਦਾ ਹੈ"।

ਮਿਕਾਹ ਨੇ ਆਖਿਆ, "ਚੜ੍ਹਾਈ ਕਰ ਪਰ ਮੈਂ ਇਸਰਾਏਲ ਨੂੰ ਭੇਡਾਂ ਵਾਂਗ ਖਿਲਰਿਆ ਵੇਖਿਆ ਹੈ"।

ਆਹਾਬ ਨੇ ਆਖਿਆ ਕੀ ਮੈਂ ਤੁਹਾਨੂੰ ਨਹੀਂ ਸੀ ਆਖਿਆ। ਸਮਝੇ?

97 ਸੋ ਉੱਥੇ ਠੀਕ ਕੌਣ ਸੀ? ਜਦ ਕਿ ਉਸ ਆਦਮੀ ਦੇ ਸਾਹਮਣੇ ਚਾਰ ਸੌ ਸਿੱਖੇ ਹੋ ਨਬੀ ਖੜ੍ਹੇ ਸਨ। ਪਰ ਤਦ ਵੀ ਇੱਕ ਪੁਰਾਣਾ ਮਾੜੇ ਮੋਟੇ ਕੱਪੜਿਆਂ ਵਾਲਾ ਕੱਟੜਪੰਥੀ ਉੱਥੇ ਖੜ੍ਹਾ ਸੀ ਜਿਹਦੇ ਕੋਲ ਸੱਚਾਈ ਸੀ। ਇਹ ਠੀਕ ਹੈ। ਇਹ ਸੱਚਾਈ ਹੈ। ਉਹਨੇ ਇਹ ਕੀਤਾ? ਉਹਦੇ ਕੋਲ ਸੱਚਾਈ ਸੀ। ਉਹਨੇ ਮੂੰਹ ਤੇ ਮਾਰ ਅਤੇ ਚਪੇੜ ਖਾਧੀ। ਪਰ ਉਹਦੇ ਕੋਲ ਸੱਚਾਈ ਸੀ।

98 ਸੋ ਇਹਦੇ ਨਾਲ ਫਰਕ ਨਹੀਂ ਪੈਂਦਾ ਕਿ ਕਿੰਨੇ *ਉਹ* ਆਖਦੇ ਹਨ ਤੇ ਕਿੰਨੇ *ਇਹ* ਆਖਦੇ ਹਨ ਇਹ ਤਾਂ ਉਹ ਹੈ ਜੋ ਯਹੋਵਾਹ ਇੰਝ ਫ਼ਰਮਾਉਂਦਾ ਹੈ ਬਾਣੀ ਦੇ ਨਾਲ ਹੈ। ਇਹ ਸੱਚਾਈ ਹੈ। ਕਈ ਵਾਰ ਤੁਹਾਨੂੰ ਇਕੱਲੇ ਖਲੋਣਾ ਪਵੇਗਾ, ਜਦ ਤੁਸੀਂ ਵਚਨ ਦੇ ਲਈ ਖੜ੍ਹੇ ਹੁੰਦੇ ਹੋ, ਪਰ ਜੋ ਖੁਦਾ ਨੇ ਆਖਿਆ ਹੈ ਉਹਦੇ ਉੱਤੇ ਖੜ੍ਹੇ ਰਹਿਣ ਲਈ ਪੱਕ ਜਾਣ ਲਓ।

99 ਹੁਣ ਉਹਨਾਂ ਨੇ ਇਸ ਕਲੀਸੀਆ ਨੂੰ ਜਥੇਬੰਦ ਕੀਤਾ, ਵੱਡੀ ਸੰਸਥਾ, ਕੈਥੋਲਿਕ ਚਰਚ, ਤੇ ਜੋ ਮਸੀਹੀ ਸਮਾਜ ਦੀ ਅਵਸਥਾ ਵਿੱਚ ਅੱਜ ਸਾਰੇ ਧਰਮ ਹਨ ਉਹਨਾਂ ਦੇ ਉੱਤੇ ਇਹ ਕੈਥੋਲਿਕ ਮਤ ਛਾਇਆ ਹੋਇਆ ਹੈ। ਪਰ ਉਹ ਆਖਦੇ ਹਨ ਕਿ ਤੁਹਾਨੂੰ ਇਹਦੀ ਲੋੜ ਨਹੀਂ ਹੈ…ਸਾਨੂੰ ਇਹਦੀ ਲੋੜ ਹੈ।

100 ਤੁਸੀਂ ਪੁੱਛਦੇ ਹੋ ਕਿ ਮਾਸ ਨਾ ਖਾਓ। ਇਹ ਤੁਹਾਨੂੰ ਕਿਥੋਂ ਮਿਲਦਾ ਹੈ? ਇਹ ਤੁਹਾਨੂੰ ਕਿਥੋਂ ਮਿਲਿਆ ਕਿ ਪਾਦਰੀ ਵਿਆਹ ਨਾ ਕਰੇ? ਇਹ ਤੁਹਾਨੂੰ ਕਿਥੋਂ ਮਿਲਦਾ ਹੈ?

101 ਉਹਨੇ ਕਿਹਾ, "ਅਸੀਂ ਬਾਈਬਲ ਦੀ ਸਿੱਖਿਆ ਨਹੀਂ ਦਿੰਦੇ"। ਉਹਨੇ ਆਖਿਆ, "ਕਲੀਸੀਆ ਹੀ ਅਵਾਜ ਹੈ। ਇਹਦੀ ਪਰਵਾਹ ਨਹੀਂ ਕਿ ਬਾਈਬਲ ਕੀ ਆਖਦੀ ਹੈ? ਇਹ ਤਾਂ ਕਲੀਸੀਆ ਦੀ ਆਵਾਜ ਹੈ"।

102 ਪਰ ਪਰਮੇਸ਼ਵਰ ਨੇ ਆਖਿਆ, "ਹਰੇਕ ਮਨੁੱਖ ਦਾ ਵਚਨ ਝੂਠਾ ਅਤੇ ਮੇਰਾ ਵਚਨ ਸੱਚਾ ਠਹਿਰੇ"। [ਭਾਈ ਬ੍ਰਾਨਹਮ ਤਿੰਨ ਵਾਰ ਪੁਲਪਿਤ ਖੜਕਾਉਂਦੇ ਹਨ—ਸੰਪਾ] ਹੁਣ ਤੁਹਾਨੂੰ ਤੁਹਾਡੀ ਚੋਣ ਕਰਨੀ ਪਵੇਗੀ।

103 ਹੁਣ, ਨਿਕੋਲਿਨ ਨੇ ਆਪਣੇ ਸਿਧਾਂਤ ਬਣਾਏ ਅਤੇ ਫਿਰ ਉਹ ਸਤਾਏ ਜਾਣ ਵਾਲੇ ਬਣ ਗਏ। ਹੁਣ ਇਹ ਅੰਤ ਦੇ ਦਿਨਾਂ ਵਿੱਚ ਹੁੰਦਾ ਹੈ। ਤਦ ਫਿਰ ਓਸਿਸ ਆਉਂਦਾ ਹੈ, ਹਨੇਰੇ ਯੁੱਗ ਵਿੱਚੋਂ ਅਤੇ ਸਤਾਏ ਜਾਣ ਵਿੱਚੋਂ; ਫਿਰ ਲੇਟਅਪ ਆਉਂਦਾ ਹੈ, ਪਹਿਲੀ ਕ੍ਰਾਂਤੀ ਤੇ, ਜੋ ਕਿ ਮਾਰਟਿਨ ਲੂਥਰ ਸੀ। ਮਾਰਟਿਨ ਲੂਥਰ ਨੇ ਕੈਥੋਲਿਕ ਚਰਚ ਦੇ ਵਿਰੁੱਧ ਵਿਰੋਧ ਕੀਤਾ, ਉਸੇ ਕਰਕੇ ਉਹ ਉੱਥੋਂ ਬਾਹਰ ਨਿਕਲਿਆ ਅਤੇ ਉਸਨੇ ਪ੍ਰਭੂ ਭੋਜ ਲਿਆ…

ਅਤੇ ਉਹਨਾਂ ਨੇ ਕਿਹਾ, "ਇਹ ਮਸੀਹ ਦੀ ਦੇਹ ਹੈ"।

104 ਉਸਨੇ ਕਿਹਾ, “ਇਹ ਮਸੀਹ ਦੇ ਦੇਹ ਨਹੀਂ ਹੈ। ਇਹ ਤਾਂ ਪਤਾਸਾ ਹੈ। ਇਹੀ ਤਾਂ ਇਹ ਹੈ”।

105 ਉਹ ਨਿਹਚਾ ਕਰਦੇ ਹਨ ਕਿ ਪਵਿੱਤਰ ਰੋਟੀ ਹੈ। “*ਹੋਲੀ ਈਊ ਕੈਰਿਸਟ* ਦਾ ਅਰਥ ਹੁੰਦਾ ਹੈ ‘ਪਵਿੱਤਰ ਆਤਮਾ’। ਅਤੇ ਜਦ ਤੁਸੀਂ ਇਹਨੂੰ ਖਾਂਦੇ ਹੋ ਤਾਂ ਤੁਸੀਂ ਆਪਣੀ ਦੇਹ ਵਿੱਚ ਪਵਿੱਤਰ ਆਤਮਾ ਨੂੰ ਲੈਂਦੇ ਹੋ”। ਅਤੇ ਇਹ ਗਲਤ ਹੈ।

ਪਵਿੱਤਰ ਆਤਮਾ ਤਾਂ ਆਤਮਾ ਦਾ ਬਪਤੀਸਮਾ ਹੈ।

106 ਨਹੀਂ, “ਜਦ ਪੈਂਤੀਕੁਸਤ ਦਾ ਦਿਨ ਆਇਆ, ਇੱਕ ਪਾਦਰੀ ਆਇਆ ਅਤੇ ਉਹਨਾਂ ਨੂੰ ਇਊਕੈਰਿਸਟ ਦਿੱਤਾ, ਉਹਨਾਂ ਦੀ ਜੁਬਾਨ ਉੱਤੇ ਇਹ ਪਤਾਸੇ ਵਰਗੀ ਰੋਟੀ ਰੱਖੀ”। ਜੇ ਨਹੀਂ ਤਾਂ, “ਕੋਈ ਪ੍ਰਚਾਰਕ ਉੱਥੇ ਗਿਆ ਤੇ ਉਹਨਾਂ ਦੇ ਉੱਤੇ ਕੁਝ ਪਾਣੀ ਛਿੜਕਿਆ। ਅਤੇ ਉਹਨਾਂ ਦੇ ਨਾਲ ਹੱਥ ਮਿਲਾਇਆ”; ਨਹੀਂ, ਸ਼੍ਰੀਮਾਨ ਜੀ।

107 “ਉੱਥੇ ਸੁਰਗ ਦੇ ਵਿੱਚੋਂ ਇੱਕ ਵੱਡੀ ਹਨੇਰੀ ਵਗਣ ਵਰਗੀ ਅਵਾਜ ਆਈ, ਉਹਨੇ ਸਾਰੇ ਘਰ ਨੂੰ ਭਰ ਦਿੱਤਾ ਜਿੱਥੇ ਉਹ ਬੈਠੇ ਹੋਏ ਸਨ”। ਇਹ ਤਾਂ ਲਿਖਤ ਹੈ। ਇਹ ਹੈ ਜੋ ਕਿ ਠੀਕ ਹੈ। ਇਹ ਹੈ ਜੋ ਕਿ ਕਲੀਸੀਆ ਵਿੱਚ ਹੋਇਆ। ਅਤੇ ਇਹੋ ਹੀ ਹੋਇਆ ਹੈ ਜਦ ਕਿ ਅੱਜ ਦੇ ਦਿਨ ਰੋਸ਼ਨੀ ਚਮਕ ਰਹੀ ਹੈ। ਉਦੋਂ ਵੀ ਰੋਸ਼ਨੀ ਨੇ ਉਹਨਾਂ ਨੂੰ ਰੋਸ਼ਨ ਕੀਤਾ ਸੀ; ਇੱਥੇ ਵੀ ਰੋਸ਼ਨੀ ਨੇ ਸਾਨੂੰ ਰੋਸ਼ਨ ਕੀਤਾ ਹੈ।

108 ਹੁਣ ਜੇ ਕੋਈ ਲਿਖਤਾਂ ਜਿਹਨਾਂ ਦਾ ਮੈਂ ਹਵਾਲਾ ਦਿੱਤਾ ਹੈ, ਉਹਨਾਂ ਤੇ ਪ੍ਰਸ਼ਨ ਕੀਤਾ ਜਾਂਦਾ ਹੈ ਇਹਨੂੰ ਰੱਖ ਦਿਓ...ਮੈਂ ਤੁਹਾਨੂੰ ਇਹ ਥਾਂ ਦੱਸਾਂਗਾ ਕਿ ਇਹ ਕਿੱਥੇ ਹੈ, ਸਾਂਝੇ? ਲਿਖਤਾਂ ਵਿੱਚ ਇਹ ਕਿੱਥੇ ਹੈ, ਠੀਕ ਹੈ। ਬਹੱਸਕ ਇਦਾਂ ਦੇ ਥੋੜ੍ਹੇ ਸਮੇਂ ਵਿੱਚ...ਆਮ ਤੌਰ ਤੇ ਜਦ ਅਸੀਂ ਇਸਨੂੰ ਲੱਭਦੇ ਹਾਂ ਤਾਂ ਸਾਨੂੰ ਕਈ ਹਫ਼ਤੇ ਅਤੇ ਮਹੀਨੇ ਲੱਗ ਜਾਂਦੇ ਹਨ। ਹਰੇਕ ਲਿਖਤ ਨੂੰ, ਇਸ ਤਰ੍ਹਾਂ ਦੱਸਦੇ ਰਹਿੰਦੇ ਹਾਂ, ਲੋਕਾਂ ਦੇ ਕੋਲ ਉਹਨਾਂ ਦੀਆਂ ਬਾਈਬਲ ਹੁੰਦੀਆਂ ਹਨ। ਪਰ ਜੇ ਇਹਦੇ ਉੱਤੇ ਪ੍ਰਸ਼ਨ ਕੀਤਾ ਜਾਂਦਾ ਹੈ ਤਾਂ ਮੈਨੂੰ ਦੱਸੋ। ਠੀਕ ਹੈ।

109 ਤਦ, ਮਾਰਟਿਨ ਲੂਥਰ, ਤਦ ਮਾਰਟਿਨ ਲੂਥਰ ਦੇ ਬਾਅਦ ਜੋਹਨ ਵੈਸਲੀ ਆਇਆ।

110 ਮਾਰਟਿਨ ਲੂਥਰ ਮੱਤ ਸਿਧਾਂਤਾਂ ਦੀ ਕਿਤਾਬ ਦੇ ਨਾਲ ਬਾਹਰ ਆਇਆ, ਬਹੁਤ ਸਾਰੀਆਂ ਚੀਜਾਂ। ਉਹ ਬਪਤੀਸਮੇ ਦੇ ਨਾਲ ਬਾਹਰ ਆਇਆ। ਉਹ ਤਸਲੀਸ ਦਾ ਬਪਤੀਸਮਾ ਦਿੰਦਾ ਹੋਇਆ ਬਾਹਰ ਆਇਆ ਜੋ ਕਿ ਬਾਈਬਲ ਵਿੱਚ ਹਰਗਿਜ ਵੀ ਸਿਖਾਇਆ ਨਹੀਂ ਗਿਆ। ਬਾਈਬਲ ਵਿੱਚ ਹਰਗਿਜ

ਵੀ ਨਹੀਂ ਸਿਖਾਇਆ ਗਿਆ। ਬਾਈਬਲ ਵਿੱਚ ਤਿੰਨ ਪਰਮੇਸ਼ਵਰਾਂ ਵਾਲਾ ਬਪਤੀਸਮਾ ਕਦੇ ਵੀ ਕਿਸੇ ਨੂੰ ਨਹੀਂ ਦਿੱਤਾ ਗਿਆ। ਜੇ ਇਹ ਇਦਾਂ ਹੈ, ਆਣ ਕੇ ਮੈਨੂੰ ਵਿਖਾਓ ਕਿ ਇਹ ਕਿੱਥੇ ਹੈ। ਇਹ ਨਹੀਂ ਹੈ।

111 ਤੇ ਸਿਰਫ਼ ਇੱਕ ਹੀ ਤਰੀਕਾ ਬਪਤੀਸਮਾ ਦੇਣ ਦਾ ਹੈ ਤੇ ਉਹ ਹੈ "ਜਾਓ ਤੇ ਜਾ ਕੇ ਸਾਰੀਆਂ ਕੌਮਾਂ ਨੂੰ ਸਿਖਾਓ"। ਉਹਨੇ ਉੱਥੇ ਪਿਛਾਂਹ ਆਖਿਆ, "ਉਹਨਾਂ ਨੂੰ ਨਾਮ ਵਿੱਚ ਬਪਤੀਸਮਾ ਦਿਓ", ਨਾਮ ਵਿੱਚ ਨਹੀਂ, "ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਨਹੀਂ"। ਅਤੇ ਚੇਲਿਆਂ ਨੇ ਮੁੜ ਕੇ ਹਰੇਕ ਨੂੰ "ਯਿਸੂ ਮਸੀਹ" ਦੇ ਨਾਮ ਵਿੱਚ ਬਪਤੀਸਮਾ ਦਿੱਤਾ। ਅਤੇ ਆਗਿਆ ਦਿੱਤੀ ਕਿ ਜੇ ਕਿਸੇ ਨੂੰ ਹੋਰ ਢੰਗ ਨਾਲ ਬਪਤੀਸਮਾ ਦਿੱਤਾ ਗਿਆ ਹੈ ਤਾਂ ਉਹਨਾਂ ਨੂੰ ਪਵਿੱਤਰ ਆਤਮਾ ਪਾਉਣ ਤੋਂ ਪਹਿਲਾਂ ਆਣ ਕੇ ਦੁਬਾਰਾ ਬਪਤੀਸਮਾ ਲੈਣਾ ਪਵੇਗਾ। ਅਤੇ ਇੱਥੇ ਕੈਥੋਲਿਕ ਕਲੀਸੀਆ ਬਾਹਰ ਆ ਗਈ…

112 ਬਾਈਬਲ ਵਿੱਚੋਂ ਕੋਈ ਜਗ੍ਹਾ ਵਿਖਾਓ ਜਿੱਥੇ ਕਦੇ ਕਿਸੇ ਨੂੰ "ਪਿਤਾ ਪੁੱਤਰ ਅਤੇ ਪਵਿੱਤਰ ਆਤਮਾ" ਦੇ ਨਾਮ ਵਿੱਚ ਬਪਤੀਸਮਾ ਦਿੱਤਾ ਗਿਆ ਹੋਵੇ। ਇਹ ਤਾਂ ਪੂਰੀ ਤਰ੍ਹਾਂ ਦੇ ਨਾਲ ਖਾਲੀ ਹੈ। ਕੀ ਇਹ ਨਹੀਂ ਹੈ? ਸ਼ਨਿਚਰਵਾਰ ਪ੍ਰਸ਼ਨ ਉੱਤਰ ਦੀ ਰਾਤ ਹੈ, ਮੈਂ ਇਹ ਲਵਾਂਗਾ, ਅਸੀਂ ਇਹਨੂੰ ਠੀਕ ਕਰਾਂਗੇ। ਠੀਕ ਹੈ। ਠੀਕ ਹੈ। ਮੈਂ ਚਾਹੁੰਦਾ ਹਾਂ ਕਿ ਕੋਈ ਵੀ ਜਣਾ ਮੈਨੂੰ ਇਹ ਵਿਖਾਵੇ ਜਿੱਥੇ ਕਿਸੇ ਨੂੰ ਕਦੇ "ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ" ਦੇ ਨਾਮ ਵਿੱਚ ਬਪਤੀਸਮਾ ਦਿੱਤਾ ਗਿਆ ਹੋਵੇ। ਮੈਂ ਪੁਲਪਿਟ ਤੋਂ ਚਲਾ ਜਾਵਾਂਗਾ ਅਤੇ ਆਖਾਂਗਾ ਕਿ ਮੈਂ ਇੱਕ ਕਪਟੀ ਹਾਂ। ਜਿਸ ਕਿਸੇ ਦਾ ਵੀ ਬਪਤੀਸਮਾ ਕਿਸੇ ਹੋਰ ਢੰਗ ਨਾਲ ਹੋਇਆ ਹੋਵੇ। ਉਹਨਾਂ ਨੂੰ ਪਵਿੱਤਰ ਆਤਮਾ ਦੇ ਲਈ ਆਣ ਕੇ ਦੁਬਾਰਾ "ਯਿਸੂ ਮਸੀਹ" ਦੇ ਨਾਮ ਵਿੱਚ ਬਪਤੀਸਮਾ ਲੈਣਾ ਪਵੇਗਾ। ਇਹ ਬਿਲਕੁਲ ਠੀਕ ਹੈ। ਇਹੋ ਹੀ ਬਾਈਬਲ ਨੇ ਆਖਿਆ ਹੈ।

113 ਹੁਣ, ਤੁਸੀਂ ਸਮਝਦੇ ਹੋ, ਅਸੀਂ ਸੱਚਾਈ ਦੇ ਥਾਂ ਤੇ ਸਿਧਾਂਤ ਲੈਂਦੇ ਹਾਂ। ਹੁਣ ਤੁਸੀਂ ਲਿਖਤਾਂ ਦੀ ਵੱਲ ਵੇਖੋ। ਹੁਣ ਇਹ ਨਾ ਆਖੋ, ਕਿ, "ਠੀਕ ਹੈ, ਭਾਈ ਬ੍ਰਾਨਹਮ ਨੇ ਆਖਿਆ ਸੀ।" ਕਿ ਹੁਣ ਤੁਸੀਂ ਆਪੇ ਲਿਖਤਾਂ ਦੀ ਵੱਲ ਵੇਖੋ। ਆਪਣੀ ਬਾਈਬਲ ਵਿੱਚ ਤੁਸੀਂ ਮੁੱਖ ਸ਼ਬਦਾਂ ਦੀ ਸੂਚੀ ਨੂੰ ਵੇਖੋ। ਅਤੇ ਫਿਰ ਤਦ…

114 ਅਤੇ ਧਿਆਨ ਦਿਓ ਉਹਨਾਂ ਕਲਿਸਿਆਈ ਯੁਗਾਂ ਵਿੱਚ ਹਰੇਕ ਯੁੱਗ ਦੇ ਅੰਦਰ ਉਹਦਾ ਨਾਮ ਸੀ। ਜਦ ਤਕ ਕਿ ਇਹ ਹਨੇਰੇ ਦੇ ਯੁੱਗ ਵਿੱਚੋਂ ਦੀ ਨਹੀਂ ਲੰਘੇ।

115 ਅਤੇ ਧਿਆਨ ਦਿਓ। ਪੁਰਾਣੀ ਯਹੂਦੀਆਂ ਦੀ ਕਲੀਸੀਆ ਦਾ ਪਿਛਾਂਹ ਨਮੂਨਾ ਲੈਂਦੇ ਹੋਏ। ਜਦ ਯਹੂਦੀਆਂ ਦਾ ਹਨੇਰੇ ਵਾਲਾ ਯੁੱਗ ਚੱਲ ਰਿਹਾ ਸੀ। ਜਦ ਆਹਾਬ ਜੋਰ ਵਿੱਚ ਸੀ, ਜਦ ਉਹ ਮਹਾਨ ਰਾਜਾ ਉਹਦੇ ਸਾਹਮਣੇ ਸੀ। ਅਤੇ ਉਹਦੇ ਸਾਹਮਣੇ ਸਾਰੀ ਇਸਰਾਏਲ ਉਹਦੇ ਸਾਹਮਣੇ ਬੜੀ ਸੋਹਣੀ ਹਾਲਤ ਵਿੱਚ ਸੀ। ਅਤੇ ਆਹਾਬ ਨਾਮਧਾਰੀ ਵਿਸ਼ਵਾਸੀ ਵਾਂਗੂ ਆਇਆ, ਅਤੇ ਉਹਦੀ ਸਿਲਗਰਮ ਦਸ਼ਾ ਸੀ ਅਤੇ ਜਾ ਕੇ ਤੇ ਇਸ ਛੋਟੀ ਰਾਜਕੁਮਾਰੀ ਇੱਜਬਲ ਦੇ ਨਾਲ ਵਿਆਹ ਕਰ ਲਿਆ ਜੋ ਕਿ ਇੱਕ ਮੂਰਤੀਪੂਜਕ ਸੀ, ਉਹਨੂੰ ਅੰਦਰ ਲੈ ਆਇਆ, ਅਤੇ ਇਸਰਾਏਲ ਵਿੱਚ ਮੂਰਤੀਪੂਜਾ ਲੈ ਆਇਆ। ਕੀ ਤੁਹਾਨੂੰ ਯਾਦ ਨਹੀਂ ਹੈ? ਕਿੰਨਾਂ ਸੋਹਣਾ ਨਮੂਨਾ ਹੈ।

116 ਜਦ ਪ੍ਰੋਟੈਸਟੈਂਟਵਾਦ ਨੇ ਰੋਮਨਵਾਦਵਿੱਚ ਵਿਆਹ ਕਰ ਲਿਆ ਤਾਂ ਫਿਰ ਉਹ ਮਸੀਹਤ ਵਿੱਚ ਮੂਰਤੀਪੂਜਾ ਲੈ ਆਏ। ਹਨੇਰੇ ਦੇ ਯੁੱਗ ਵਿੱਚ, ਬਿਲਕੁਲ ਠੀਕ ਭੂਗੋਲਿਕ ਢੰਗ ਨਾਲ।

117 ਹੁਣ ਗੌਹ ਕਰੋ, ਜਦ ਇਹ ਇਸ ਪਾਸੇ ਆਉਂਦਾ ਹੈ, ਇੱਥੇ ਤੁਹਾਡੇ ਕੋਲ ਕੀ ਹੈ? ਪਵਿੱਤਰ ਆਤਮਾ ਦੀ ਥਾਂ ਤੇ; ਇੱਕ ਪਤਾਸੇ ਵਰਗੀ ਛੋਟੀ ਰੋਟੀ। ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮੇ ਦੀ ਥਾਂ ਤੇ; ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤੀਸਮਾ। ਉਹਨਾਂ ਨੇ ਹਰੇਕ ਚੀਜ ਨੂੰ ਬਦਲ ਦਿੱਤਾ। ਮੈਂ ਲਿਖਤਾਂ ਨੂੰ ਲੈ ਕੇ ਤੁਹਾਨੂੰ ਸਾਬਤ ਕਰ ਸਕਦਾ ਹਾਂ। ਇੱਕ ਤਬਦੀਲੀ ਦੇ ਬਾਅਦ ਦੂਜੀ ਤਬਦੀਲੀ।

118 ਅਤੇ ਮਾਰਟਿਨ ਲੂਥਰ ਇਹਦੇ ਨਾਲ ਸਹਿਮਤ ਸੀ। ਜੋਹਨ ਵੈਸਲੀ ਨੇ ਠੀਕ ਆਣ ਕੇ ਇਹਦੇ ਨਾਲ ਸਹਿਮਤੀ ਵਿਖਾਈ। ਤੇ ਕਦੇ ਵੀ ਕਿਸੇ ਨੂੰ ਬਾਈਬਲ ਵਿੱਚ ਛਿੜਕਾਓ ਦਾ ਬਪਤੀਸਮਾ ਨਹੀਂ ਦਿੱਤਾ ਗਿਆ। ਕਦੇ ਵੀ ਕੋਈ ਗੱਲ ਇਸ ਤਰ੍ਹਾਂ ਨਹੀਂ ਹੋਈ। ਬਾਈਬਲ ਵਿੱਚ ਇਸ ਤਰ੍ਹਾਂ ਦੀ ਕੋਈ ਵੀ ਗੱਲ ਨਹੀਂ ਸੀ ਹੋਈ। ਕੋਈ ਅਧਿਕਾਰ ਜਾਂ ਇਹਦੇ ਲਈ ਕੋਈ ਵੀ ਹੁਕਮ ਨਹੀਂ ਹੈ। ਪਰ ਤੁਸੀਂ ਇਹਦੀ ਆਗਿਆ ਦਿੰਦੇ ਹੋ। ਤੇ ਉਹ ਆਉਂਦੇ ਹਨ ਅਤੇ ਇਸ ਲੂਣ ਹਿਲਾਉਣ ਵਾਲੇ ਨੂੰ ਲੈ ਕੇ ਤੇ ਤੁਹਾਡੇ ਉੱਤੇ ਛਿੜਕਦੇ ਹਨ। ਕਿਉਂ? ਕੈਥੋਲਿਕ ਗਿਰਜੇ ਨੇ ਇਹਨੂੰ ਸ਼ੁਰੂ ਕੀਤਾ ਹੈ, ਅਤੇ ਤੁਸੀਂ ਇਹਨੂੰ ਮੱਥਾ ਟੇਕਦੇ ਹੋ। ਠੀਕ ਹੈ।

119 ਇੱਕ ਵਿਅਕਤੀ ਨੇ ਉਸ ਦਿਨ ਆਖਿਆ, "ਤੁਸੀਂ ਤਾਂ ਨਹੀਂ ਹੋ...ਤੁਸੀਂ, ਤੁਸੀਂ ਕੈਥੋਲਿਕ ਨਹੀਂ ਹੋ। ਤੁਸੀਂ..."

120 ਮੈਂ ਕਿਹਾ, "ਨਹੀਂ ਭਾਈ ਜੀ। ਮੈਂ ਤਾਂ ਪ੍ਰੋਟੈਸਟੈਂਟ ਹਾਂ। ਮੈਂ ਇਹਦਾ ਵਿਰੋਧ ਕਰਦਾ ਹਾਂ"। ਇਹ ਠੀਕ ਹੈ। ਸੁਸਮਾਚਾਰ ਦਾ ਸੇਵਾਦਾਰ ਹੋਣ ਦੇ ਨਾਤੇ ਪਰਮੇਸ਼ਵਰ ਦੇ ਬੱਚਿਆਂ ਦੇ ਨਾਲ ਜੋ ਇੱਥੇ ਮੇਰੇ ਉਮੀਦਵਾਰ ਸੁਰਗ ਦੇ ਲਈ

ਹਨ। ਮੈਂ ਉਹਨਾਂ ਦੇ ਲਈ ਪ੍ਰਚਾਰ ਕਰਨਾ ਹੈ। ਤੇ ਉਹਨਾਂ ਦੇ ਅੱਗੇ ਇੱਕ ਸਿਖਾਉਣ ਵਾਲੇ ਵਾਂਗ ਬੈਠਣਾ ਹੈ ਨਿਸ਼ਾਨਾਂ ਅਤੇ ਅਚੰਭਿਆਂ ਦੇ ਨਾਲ। ਤਾਂ ਮੈਂ ਇੱਕ ਪਾਖੰਡੀ ਹੋਵਾਂਗਾ। ਜੇ ਮੈਂ ਸੱਚਾਈ ਦੇ ਨਾਲ ਨਾ ਖੜ੍ਹਾ ਹੋਵਾਂ। ਮੈਂ ਆਖਿਆ, "ਹਾਂ ਸ਼੍ਰੀਮਾਨ ਜੀ। ਮੈਂ ਖੜ੍ਹਾ ਹੋਵਾਂਗਾ। ਜੇ ਇਹ ਮੈਨੂੰ ਮਾਰ ਵੀ ਸੁੱਟੇ ਤਾਂ ਵੀ। ਮੈਂ ਤਾਂ ਉਹੋ ਹੀ ਸਿਖਾਵਾਂਗਾ ਜੋ ਬਾਈਬਲ ਸਿਖਾਉਂਦੀ ਹੈ"।

121 ਅਤੇ ਮੈਂ ਕਿਸੇ ਦੇ ਨਾਲ ਵੀ ਕਿਸੇ ਵੀ ਸਮੇਂ ਇਹਦੇ ਉੱਤੇ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਹਾਂ। ਸਮੱਖੇ? ਉਹ ਭਾਵੇਂ ਰੋਮ ਦਾ ਪੌਪ ਹੋਵੇ ਜਾਂ ਮੁੱਖ ਪਾਦਰੀ ਜਾਂ ਉਹ ਜੋ ਵੀ ਹੋਵੇ। ਸਮਝੇ? ਹਾਂ ਜੀ ਸ਼੍ਰੀਮਾਨ। ਇਹ ਠੀਕ ਹੈ। ਜੇ ਮੈਂ ਗਲਤ ਹਾਂ ਤਾਂ ਆਣ ਕੇ ਮੈਨੂੰ ਵਿਖਾਓ। ਹੁਣ ਜੇ ਮੈਂ ਗਲਤ ਨਹੀਂ ਹਾਂ ਤਾਂ ਕਿਉਂਕਿ ਮੈਂ ਲਿਖਤਾਂ ਦਾ ਹਵਾਲਾ ਦੇ ਰਿਹਾ ਹਾਂ। ਤੁਸੀਂ…ਮੈਂ ਤੁਹਾਡੇ ਮੂਲ ਪਾਠ ਦੀਆਂ ਕਿਤਾਬਾਂ ਨਹੀਂ ਲਵਾਂਗਾ। ਇਹ ਠੀਕ ਇੱਥੇ ਮੂਲ ਪਾਠ ਦੀ ਪੁਸਤਕ ਹੈ। [ਭਾਈ ਬ੍ਰਾਨਹਮ ਚਾਰ ਵਾਰ ਖੜਕਾਉਂਦੇ ਹਨ—ਸੰਪਾ]

122 ਹੁਣ, ਤਦ ਤੁਸੀਂ ਧਿਆਨ ਦਿਓ, ਉਹਨਾਂ ਨੇ ਸਭ ਇਹਨਾਂ ਰਸਮਾਂ ਦੇ ਨਾਲ ਆਉਣਾ ਸ਼ੁਰੂ ਕਰ ਦਿੱਤਾ।

ਹੁਣ, ਅੰਤ ਦੇ ਦਿਨਾਂ ਵਿੱਚ, ਸਤਾਇਆ ਜਾਣਾ ਹੋਵੇਗਾ।

123 ਤੇ ਹੁਣ ਅਸੀਂ ਪ੍ਰਕਾਸ਼ ਦੀ ਪੋਥੀ ਉਹਦੇ 13ਵੇਂ ਅਧਿਆਏ ਨਾਲ ਸ਼ੁਰੂ ਕਰਦੇ ਹਾਂ। ਹੁਣ ਜੇ ਤੁਸੀਂ ਇਸ ਅਧਿਆਏ ਵਿੱਚ ਅਗਾਂਹ ਨੂੰ ਧਿਆਨ ਦਿਓ। ਆਖਿਆ ਗਿਆ ਹੈ, "ਮੈਂ ਵੇਖਿਆ, ਅਤੇ ਵੇਖੋ ਲੇਲਾ ਸਿਨਾਈ ਪਰਬਤ ਦੇ ਉੱਤੇ ਖੜ੍ਹਾ ਸੀ…" ਨਹੀਂ ਜੀ, ਮੈਂ ਤੁਹਾਥੋਂ ਮਾਫ਼ੀ ਮੰਗਦਾ ਹਾਂ, ਮੈਂ ਗਲਤ ਆਇਤ ਪੜ੍ਹ ਰਿਹਾ ਹਾਂ, ਗਲਤ ਅਧਿਆਏ, 14 ਅਧਿਆਏ 13ਵਾਂ ਅਧਿਆਏ ਹੈ।

> *…ਮੈਂ ਇੱਕ ਦਰਿੰਦੇ ਸਮੁੰਦਰ ਵਿੱਚੋਂ ਨਿਕਲਿਆ ਡਿੱਠਾ ਜਿਹਦੇ ਦੱਸ ਸਿੰਘ ਅਤੇ ਸੱਤ ਸਿਰ ਸਨ। ਉਹ ਦਿਆਂ ਸਿੰਘਾਂ ਉੱਤੇ ਦੱਸ ਮੁਕਟ ਅਤੇ ਉਹ ਦਿਆਂ ਸਿਰਾਂ ਉੱਤੇ ਕੁਫ਼ਰ ਦੇ ਨਾਉਂ ਸਨ।*

124 ਕੁਫ਼ਰ ਕੀ ਹੈ? "ਮਖੌਲ ਉਡਾਉਣਾ, ਹਾਸਾ ਕਰਨਾ, ਗੱਲਬਾਤ ਕਰਨਾ"। ਹੁਣ ਗੌਹ ਕਰੋ, ਉਹਦੇ "ਸੱਤ ਸਿਰ, ਦੱਸ ਸਿੰਗ ਸਨ"। ਅਤੇ ਧਿਆਨ ਦਿਓ ਜਦੋਂ "ਉਹ ਸਮੁੰਦਰ ਵਿੱਚੋਂ ਨਿਕਲਿਆ"। ਹੁਣ ਪ੍ਰਕਾਸ਼ ਦੀ ਪੋਥੀ ਉਹਦਾ 17ਵਾਂ ਅਧਿਆਏ, ਤੁਸੀਂ ਜਿਹੜੇ ਕਿ ਇਸਨੂੰ ਲਿਖ ਰਹੇ ਹੋ, 17:15 ਵਿੱਚ ਕਿਹਾ ਕਿ—ਕਿ *ਪਾਣੀ* ਦਰਸਾਉਂਦਾ ਹੈ "ਲੋਕਾਂ ਦੀ ਬੜੀ ਭੀੜ ਅਤੇ ਇਕੱਠ ਨੂੰ।" ਸੋ ਇਹ *ਦਰਿੰਦਾ* ਸ਼ਕਤੀ ਨੂੰ ਦਰਸਾਉਂਦਾ ਹੈ, "ਸ਼ਕਤੀ, ਸ਼ੈਤਾਨੀ ਸ਼ਕਤੀ"। "ਸ਼ਿਕਾਰ ਦਾ ਦਰਿੰਦਾ ਲੋਕਾਂ ਵਿੱਚੋਂ ਹੀ ਉਠ ਖਲੋਤਾ, ਤੇ ਉਹ ਸਮੁੰਦਰ ਦੇ ਰੇਤ ਉੱਤੇ ਆ ਖਲੋਤਾ। ਅਤੇ ਮੈਂ ਦਰਿੰਦਾ ਵੇਖਿਆ…"

*ਤੇ ਜਿਹੜਾ ਦਰਿੰਦਾ ਮੈਂ ਵੇਖਿਆ...ਉਹ...ਚੀਤੇ ਵਰਗਾ ਸੀ.*

*ਉਹਦੇ ਪੈਰ ਰਿੱਛ ਦਿਆਂ ਪੈਰਾਂ ਜਿਹੇ ਸਨ...ਉਹਦਾ ਮੂੰਹ ਬੱਬਰ ਸ਼ੇਰ ਵਰਗਾ...ਅਤੇ ਅਜਗਰ ਨੇ ਆਪਣੀ ਸਮਰੱਥਾ ਅਤੇ ਆਪਣੀ ਗੱਦੀ ਅਤੇ ਵੱਡਾ ਇਖਤਿਆਰ ਉਹਨੂੰ ਦੇ ਦਿੱਤਾ।*

125 "ਅਜਗਰ!". ਹੁਣ ਸਾਡੇ ਕੋਲ ਦੋ ਚੀਜਾਂ ਵਿਚਾਰ ਅਧੀਨ ਹਨ। ਇਸ ਦਰਿੰਦੇ ਉੱਤੇ ਗੌਹ ਕਰੋ। ਇਹਦੇ ਵਿੱਚ ਚਾਰ ਵੱਖ ਵੱਖ ਵਿਸ਼ੇਸ਼ਤਾਈਆਂ ਸਨ।

126 ਜੇ ਤੁਸੀਂ ਦਾਨੀਏਲ ਦਾ 7ਵਾਂ ਅਧਿਆਏ ਲਓ, ਤੁਸੀਂ ਜਿਹੜੇ ਇਹਦੇ ਉੱਤੇ ਨਿਸ਼ਾਨੀਆਂ ਲਾ ਰਹੇ ਹੋ, ਦਾਨੀਏਲ 7 ਅਧਿਆਏ। ਦਾਨੀਏਲ ਨੇ ਉਹੋ ਹੀ ਦਰਸ਼ਨ ਵੇਖਿਆ। ਇਹਦੇ ਤੋਂ ਅੱਠ ਸੌ ਸਾਲ ਪਹਿਲਾਂ ਦਾਨੀਏਲ ਨੇ ਦਰਸ਼ਨ ਵੇਖਿਆ। ਉਹਨੇ ਉਹ ਜੰਤੂ ਵੇਖੇ ਇੱਕ ਦੂਜੇ ਨਾਲੋਂ ਵੱਖਰੇ, ਗੈਰਕੋਮਾਂ ਦੀ ਹਕੂਮਤ ਦੇ ਸ਼ੁਰੂ ਵਿੱਚ।

127 ਅਤੇ ਫਿਰ ਉਹ ਇੱਥੇ ਹਨ, ਯੂਹੰਨਾ ਉਹਨੂੰ ਵੇਖ ਰਿਹਾ ਹੈ, ਗੈਰਕੋਮਾ ਦੀ ਬਾਦਸ਼ਾਹੀ ਦੇ ਅੰਤ ਵਿੱਚ ਤੇ ਉਹ ਸਭ ਜੰਤੂ ਇੱਕ ਵਿੱਚ ਹੀ ਦਰਸਾਏ ਗਏ। ਉਹ ਸਭ ਪੁਰਾਣੇ ਸ਼ੈਤਾਨ ਭੂਤ ਜਿਹੜੇ ਕਿ ਹਰੇਕ ਰੋਮੀ ਰਾਜ ਦੇ ਅਧਿਕਾਰੀ ਸਨ। ਅਤੇ ਯੂਨਾਨੀ ਅਤੇ ਵਗੈਰਾ ਵਗੈਰਾ। ਗੈਰਕੋਮਾਂ ਦੇ ਯੁੱਗ ਵਿੱਚ ਅਤੇ ਉਹ ਸਭ ਆਣ ਕੇ ਤੇ ਇੱਕੋ ਹੀ ਦਰਿੰਦੇ ਵਿੱਚ ਰੱਲ ਗਏ। ਅਸੀਂ ਉਹਨੂੰ ਸਿੱਧਾ ਹੀ ਲੱਭਾਂਗੇ। ਤੇ ਵੇਖਾਂਗੇ ਕਿ ਉਹ ਕੌਣ ਹੈ। ਠੀਕ ਹੈ, ਉਹ ਸਭ ਚੀਤਾ, ਬੱਬਰ ਸ਼ੇਰ ਉਹ ਸਭ ਅਜਗਰ ਹੈ। ਕਿੰਨੇ ਜਾਣਦੇ ਹਨ ਕਿ ਅਜਗਰ ਕੌਣ ਹੈ। *ਅਜਗਰ* "ਰੋਮ" ਨੂੰ ਦਰਸਾਉਂਦਾ ਹੈ। ਹਾਂ ਜੀ।

128 ਆਓ ਇਹਨੂੰ ਪੜ੍ਹੀਏ। ਇਹ ਤਾਂ ਇੱਕ ਕਿਸਮ ਦਾ ਤੁਹਾਡੇ ਦਿਲ ਉੱਤੇ ਇੱਕ ਪ੍ਰਸ਼ਨ ਹੈ। ਮੈਨੂੰ ਪ੍ਰਕਾਸ਼ ਦੀ ਪੋਥੀ ਉਹਦਾ 12ਵਾਂ ਅਧਿਆਏ ਦਿਉ, ਸਿਰਫ਼ ਇੱਕ ਪਲ ਲਈ ਠਹਿਰੋ। ਆਓ ਹੁਣ ਇੱਥੇ ਵੇਖੀਏ, ਪ੍ਰਕਾਸ਼ ਦੀ ਪੋਥੀ 12ਵਾਂ ਅਧਿਆਏ। ਹੁਣ ਵੇਖੋ।

*ਆਕਾਸ਼ ਉੱਤੇ ਇੱਕ ਵੱਡਾ ਨਿਸ਼ਾਨ ਦੱਸਿਆ; ਇੱਕ ਇਸਤ੍ਰੀ...*

129 ਇੱਕ *ਔਰਤ* ਕੀ ਦਰਸਾਉਂਦੀ ਹੈ? "ਕਲੀਸੀਆ"। ਇੱਥੇ ਇਹ ਲਾੜੀ ਹੈ, ਇਹ ਕਲੀਸੀਆ ਹੈ। ਅਸਲੀ ਕਲੀਸੀਆ।

*...ਇੱਕ ਇਸਤ੍ਰੀ ਜਿਹੜੀ ਸੂਰਜ ਪਹਿਨੇ ਹੋਈ ਸੀ ਤੇ ਚੰਦਰਮਾ ਉਹਦੇ ਪੈਰਾਂ ਹੇਠਾਂ,...*

130 ਧਿਆਨ ਦਿਓ, ਚੰਦਰਮਾ ਉਹਦੇ ਪੈਰਾਂ ਹੇਠ..."ਸੂਰਜ ਉਹਦੇ ਸਿਰ ਉੱਤੇ ਅਤੇ ਚੰਦਰਮਾ ਉਹਦੇ ਪੈਰਾਂ ਹੇਠ"। *ਸੂਰਜ* "ਕਿਰਪਾ ਦਾ ਯੁੱਗ" ਸੀ। ਅਤੇ

*ਚੰਦਰਮਾ* “ਬਿਵਸਥਾ ਦਾ ਯੁੱਗ” ਸੀ। ਇੱਕ *ਔਰਤ* “ਰੂੜਵਾਦੀ ਕਲੀਸੀਆ” ਸੀ। ਤੇ ਉਹ ਬਿਵਸਥਾ ਦੇ ਉੱਤੇ ਖਲੋਤੀ ਸੀ। ਤੇ ਸ਼ਰਾ ਬੀਤ ਰਹੀ ਸੀ ਬਿਵਸਥਾ ਹਟ ਰਹੀ ਸੀ। ਕਿਉਂਕਿ ਸ਼ਰਾ ਤਾਂ ਚੰਗੀਆਂ ਚੀਜਾਂ ਦੇ ਆਉਣ ਦਾ ਪਰਛਾਵਾਂ ਸੀ। ਕੀ ਇਹ ਠੀਕ ਹੈ? ਚੰਦਰਮਾ ਤਾਂ ਇੱਕ ਪਰਛਾਵਾਂ ਹੈ ਸੂਰਜ ਦਾ ਜੋ ਕਿ ਚੰਦਰਮੇ ਦੇ ਉੱਤੇ ਚਮਕ ਰਿਹਾ ਹੈ। (ਕੀ ਇਹ ਠੀਕ ਹੈ?) ਚੰਦਰਮੇ ਨੂੰ ਬਣਾਉਂਦਾ ਹੈ। ਅਤੇ ਸ਼ਰਾ ਉਹਦੇ ਪੈਰਾਂ ਦੇ ਹੇਠ ਸੀ, ਉਹ ਉਹਦੇ ਵਿੱਚੋਂ ਦੀ ਗੁਜਰ ਗਈ ਸੀ। ਅਤੇ ਧਿਆਨ ਦਿਓ ਕਿ ਉਹ ਕਿੰਝ ਇੱਥੇ ਸਜੀ ਹੋਈ ਸੀ।

> *…ਉਹਦੇ ਪੈਰਾਂ ਹੇਠ ਸੀ, ਅਤੇ ਬਾਰਾਂ ਤਾਰਿਆਂ ਦਾ ਮੁਕਟ ਉਹਦੇ ਸਿਰ ਤੇ ਸੀ।* (ਕਲੀਸੀਆ ਦੇ ਸਿਰ ਉੱਤੇ ਬਾਰਾਂ ਰਸੂਲਾਂ ਦੀ ਸਿੱਖਿਆ ਦਾ ਮੁਕਟ ਹੈ। ਸਮਝੇ)
>
> *ਉਹ ਗਰਭਵਤੀ ਸੀ ਅਤੇ ਜਣਨ ਦੇ ਦੁਖ ਅਤੇ ਪੀੜਾਂ ਲੱਗਣ ਕਰਕੇ…ਚੀਕਾਂ ਮਾਰਦੀ ਸੀ।* (ਇਹ ਤਾਂ ਉਹ ਰੂੜਵਾਦੀ ਕਲੀਸੀਆ ਸੀ, ਗੌਹ ਕਰੋ)
>
> *ਅਤੇ ਅਕਾਸ਼ ਉੱਤੋਂ ਇੱਕ ਹੋਰ ਨਿਸ਼ਾਨ ਦਿਸਿਆ ਅਤੇ ਵੇਖੋ ਇੱਕ ਵੱਡਾ ਭਾਰਾ ਲਾਲ ਅਜਗਰ ਸੀ ਜਿਹਦੇ ਸੱਤ ਸਿਰ…* (ਸਮਝੇ? ਉਹਨਾਂ ਸੱਤਾਂ ਨੂੰ ਹੁਣ ਧਿਆਨ ਵਿੱਚ ਰੱਖੋ। ਸੱਤ ਸਿਰ ਹਮੇਸ਼ਾ ਹੀ।)*…ਅਤੇ ਦੱਸ ਸਿੰਗ ਸਨ…ਅਤੇ ਉਹ ਦਿਆਂ ਸਿਰਾਂ ਉੱਤੇ ਸੱਤ ਮੁਕਟ ਸਨ।*
>
> *ਅਤੇ ਉਹਦੀ ਪੂੰਛ ਨੇ ਅਕਾਸ਼ ਦੇ ਤਾਰਿਆਂ ਦੀ ਇੱਕ ਤਿਹਾਈ ਨੂੰ ਵਲੇਟ ਕੇ ਖਿੱਚਿਆ ਅਤੇ ਉਹਨਾਂ ਨੂੰ ਧਰਤੀ ਤੇ ਦੇ ਮਾਰਿਆ: ਅਤੇ ਉਹ ਅਜਗਰ ਉਸ ਇਸਤ੍ਰੀ ਦੇ ਅੱਗੇ ਜਿਹੜੀ ਜਣਨ ਲੱਗੀ ਸੀ ਜਾ ਖਲੋਤਾ ਭਈ ਜਿਸ ਵੇਲੇ ਉਹ ਜਣੇ ਤਾਂ ਉਹਦੇ ਬਾਲਕ ਨੂੰ ਭੱਛ* [ਖਾ] *ਲਵੇ।* (ਧਿਆਨ ਦਿਓ!)
>
> *ਉਹ ਇੱਕ ਪੁੱਤਰ ਇੱਕ ਨਰ ਬਾਲ ਜਣੀ ਜਿਹਨੇ ਲੋਹੇ ਦੇ ਡੰਡੇ ਨਾਲ ਸਭਨਾਂ ਕੌਮਾਂ ਤੇ ਹਕੂਮਤ ਕਰਨੀ ਹੈ।*

131 ਉਹ ਰੂੜਵਾਦੀ ਕਲੀਸੀਆ ਉੱਥੇ ਖੜ੍ਹੀ ਸੀ। ਸੂਰਜ ਚਮਕ ਰਿਹਾ ਸੀ। ਬਾਰਾਂ ਰਸੂਲਾਂ ਦੀ ਸਿੱਖਿਆ, ਠੀਕ ਹੈ। ਤੇ ਚੰਦਰਮਾ ਉਹਦੇ ਪੈਰਾਂ ਹੇਠ, ਕਾਨੂੰਨ, ਆਉਣ ਵਾਲੀਆਂ ਚੀਜਾਂ ਦਾ ਪਰਛਾਵਾਂ; ਸੁਸਮਾਚਾਰ ਦੀ ਰੋਸ਼ਨੀ ਹੁਣ ਚਮਕ ਰਹੀ ਸੀ। ਬਿਵਸਥਾ ਜਾਂਦੀ ਰਹੀ ਜਦ ਸੂਰਜ ਆ ਗਿਆ।

132 “ਉਹਨੂੰ ਜਣਨ ਦਿਆਂ ਪੀੜਾਂ ਲੱਗੀਆਂ ਹੋਈਆਂ ਸਨ, ਅਤੇ ਇਹ ਇੱਕ ਨਰ ਬਾਲਕ ਜਣੀ,” ਜੋ ਕਿ ਯਿਸੂ ਮਸੀਹ ਸੀ, “ਪਰ ਉਹ ਪਰਮੇਸ਼ਵਰ ਕੋਲ

ਉਠਾ ਲਿਆ ਗਿਆ। ਪਰ ਜਦ ਹੀ...” ਇੱਥੇ ਇਹ ਹੈ। “ਅਤੇ ਜਿਦਾਂ ਹੀ ਅਜਗਰ ਜੋ ਕਿ ਸ਼ੈਤਾਨ ਹੈ, ਉਹਨੇ ਇਸਤ੍ਰੀ ਨੂੰ ਵੇਖਿਆ ਕਿ ਉਹ ਜਣਨ ਦੇ ਲਈ ਤਿਆਰ ਹੈ। ਅਤੇ ਉਹ ਉਹਦੇ ਲਾਗੇ ਖਲੋ ਗਿਆ ਕਿ ਉਹ ਜਦੋਂ ਵੀ ਬੱਚਾ ਜਣੇ ਤਾਂ ਉਹਨੂੰ ਭੱਛ ਲਵੇ”।

133 ਅਤੇ ਜਦ ਯਿਸੂ ਜੰਮਿਆ ਤਾਂ ਰੋਮੀ ਹਕੂਮਤ ਨੇ ਇੱਕ ਡੌਂਡੀ ਪਿੱਟਵਾਈ ਕਿ ਦੋ ਸਾਲ ਤੋਂ ਥੱਲੇ ਦੇ ਸਾਰੇ ਬੱਚੇ ਮਾਰ ਦਿੱਤੇ ਜਾਣ ਤਾਂ ਕਿ ਯਿਸੂ ਮਸੀਹ ਨੂੰ ਮਾਰ ਦਿੱਤਾ ਜਾਵੇ। ਪਰਮੇਸ਼ਵਰ ਨੇ ਉਹਦੀਆਂ ਅੱਖਾਂ ਦੇ ਉੱਤੇ ਪਰਦਾ ਪਾ ਕੇ ਤੇ ਉਹਨੂੰ ਮਿਸਰ ਵਿੱਚ ਲੈ ਗਿਆ। ਤੇ ਉੱਥੇ ਲੁਕਾ ਦਿੱਤਾ। ਉਡਾ ਹੀ ਜਿਵੇਂ ਉਸਨੇ ਮੂਸਾ ਨੂੰ ਕੀਤਾ।

134 ਉੱਥੇ ਸੀ ਲਾਲ ਅਜਗਰ ਜੋ ਕਿ ਸ਼ੈਤਾਨ ਸੀ। ਉਹਦੀ ਗੱਦੀ ਕਿੱਥੇ ਹੈ? ਰੂਸ ਵਿੱਚ ਨਹੀਂ; ਪਰ ਰੋਮ ਵਿੱਚ! ਅਤੇ ਆਖਿਆ, “ਸ਼ੈਤਾਨ ਨੇ ਉਹਨੂੰ ਉਹਦੀ ਗੱਡੀ ਦਾ ਇਖਤਿਆਰ ਦਿੱਤਾ, ਲਾਲ ਅਜਗਰ,” ਤੇ ਰੂਸ ਨਹੀਂ।

135 ਮੈਂ ਵੱਡੇ ਵੱਡੇ ਸੇਵਾਦਾਰਾਂ ਨੂੰ ਇਹ ਕਹਿੰਦੇ ਸੁਣਦਾ ਹਾਂ, “ਰੂਸੀ ਲੋਕ ਮਸੀਹੀ ਵਿਰੋਧੀ ਹਨ”।

136 ਕਿਉਂ, ਰੂਸ ਦਾ ਮਸੀਹ ਵਿਰੋਧੀ ਨਾਲ ਕੋਈ ਵਾਹ ਵਾਸਤਾ ਨਹੀਂ ਹੈ। ਉਹ ਤਾਂ ਸਾਮਵਾਦ ਹੈ। ਪ੍ਰੋਟੈਸਟੈਂਟਵਾਦ ਦਾ ਝੂਠਾ ਰੂਪ ਅਤੇ ਕੈਥੋਲੀਕ ਮੱਤ ਨੇ ਹੀ ਸਾਮਵਾਦ ਨੂੰ ਜਨਮ ਦਿੱਤਾ। ਇਹੋ ਹੀ ਕਾਰਣ ਸੀ ਕਿ ਰੂਸ ਨੇ ਉਹਨਾਂ ਨੂੰ ਉੱਥੋਂ ਕੱਢ ਦਿੱਤਾ। ਕਿਉਂਕਿ ਉਹਨਾਂ ਦੇ ਕੋਲ ਸਾਰਾ ਧੰਨ ਸੀ। ਤੇ ਉਹਨਾਂ ਸੰਤਾ ਦੇ ਅੱਗੇ ਉਹਨਾਂ ਉਹ ਸਭ ਪ੍ਰਾਰਥਨਾਵਾਂ ਕੀਤੀਆਂ ਸੋ ਉਹਨਾਂ ਨੇ ਉਹ ਸਭ ਤੋਂ ਵੱਡੀਆਂ ਇਮਾਰਤਾਂ ਬਣਾਈਆਂ ਤੇ ਲੋਕਾਂ ਦਾ ਸਭ ਧੰਨ ਉਹਨਾਂ ਦੇ ਕੋਲ ਸੀ। ਤੇ ਇਸ ਤਰ੍ਹਾਂ ਉਹਨਾਂ ਨੇ ਉਹਦੇ ਗੱਠੇ ਬੰਨ੍ਹ ਲਏ। ਅਤੇ ਉਹਨਾਂ ਨੇ ਵੇਖਿਆ ਉਹਨਾਂ ਦਾ ਰਹਿਣ ਸਹਿਣ ਕੋਈ ਵੱਖਰਾ ਨਹੀਂ ਹੈ। ਤੇ ਬਾਕੀ ਦੇ ਸੰਸਾਰ ਨਾਲੋਂ ਵੱਖਰਾ ਨਹੀਂ ਹੈ। ਤੇ ਉਹਨਾਂ ਨੇ ਇਹਨੂੰ ਉਗਲ ਦਿੱਤਾ। ਅਤੇ ਸਾਮਵਾਦ ਬਣਾ ਲਿਆ।

137 ਹੁਣ ਜੇ ਤੁਸੀਂ ਮੈਨੂੰ ਇੱਕ ਹੋਰ ਰਾਤ ਦਿਓ, ਜੇ ਖੁਦਾ ਬਖਸ਼ੇ ਤਾਂ ਮੈਂ ਤੁਹਾਨੂੰ ਸਾਬਿਤ ਕਰਕੇ ਦੱਸਾਂਗਾ ਕਿ ਸਾਮਵਾਦ ਸਿੱਧਾ ਸਰਬਸ਼ਕਤੀਮਾਨ ਪਰਮੇਸ਼ਵਰ ਦੇ ਹੱਥਾਂ ਵਿੱਚ ਕੰਮ ਕਰ ਰਿਹਾ ਹੈ, ਰੋਮੀਆਂ ਨੂੰ ਨਾਸ਼ ਕਰਨ ਦੇ ਲਈ...ਅਤੇ, ਯਾਦ ਰਹੇ, ਮੈਂ ਇਹ ਪਰਮੇਸ਼ਵਰ ਦਾ ਨਬੀ ਹੋਣ ਦੇ ਨਾਤੇ ਆਖਦਾ ਹਾਂ। ਰੂਸੀ ਹਕੂਮਤ ਕਿਸੇ ਕਿਸਮ ਦਾ ਪਰਮਾਣੂ ਬੰਬ ਵੇਟਿਕਨ ਸ਼ਹਿਰ ਉੱਤੇ ਸੁੱਟੇਗਾ, ਤੇ ਇਹਨੂੰ ਇੱਕ ਘੰਟੇ ਵਿੱਚ ਨਾਸ਼ ਕਰ ਦੇਵੇਗਾ। **ਯਹੋਵਾਹ ਇੰਝ ਫ਼ਰਮਾਉਂਦਾ ਹੈ।** ਅਤੇ ਬਾਈਬਲ ਨੇ ਆਖਿਆ ਹੈ ਕਿ ਪਰਮੇਸ਼ਵਰ ਨੇ ਉਹਨਾਂ ਨਿਰਦਈ ਹਿਰਦੈ ਵਾਲੇ ਲੋਕਾਂ ਨੂੰ ਲਿਆ ਅਤੇ ਆਪਣੇ ਹੱਥਾਂ ਵਿੱਚ ਲੈ ਕੇ ਤੇ ਉਹ ਉਹਦੇ ਹੱਥਾਂ

ਵਿੱਚ "ਉਹਦੀ ਮਰਜੀ ਨੂੰ ਪੂਰਾ ਕਰਨ ਦੇ ਲਈ" ਸੰਦ ਸਨ ਤਾਂ ਕਿ ਉਹਨੂੰ ਠੀਕ ਉਸੇ ਹੀ ਦਸ਼ਾ ਵਿੱਚ ਲਿਆਵੇ ਜਿਹਦੇ ਵਿੱਚ ਕਿ ਕੈਥੋਲਿਕ ਕਲੀਸੀਆ ਨੂੰ ਆਉਣਾ ਚਾਹੀਦਾ ਸੀ। ਇਹ ਬਿਲਕੁਲ ਠੀਕ ਹੈ। ਇਹ ਵਚਨ ਹੈ।

138 ਭਾਈ ਜੀ, ਤੁਸੀਂ ਇਹ ਮਹਿਸੂਸ ਹੀ ਨਹੀਂ ਕਰਦੇ ਕਿ ਇਹ ਕਿੰਨੀਆਂ ਚਤੁਰ ਚੀਜਾਂ ਹਨ! ਯਾਦ ਰਹੇ, ਕਿ ਯਿਸੂ ਮਸੀਹ ਨੇ ਆਖਿਆ ਹੈ ਕਿ ਮਸੀਹ ਵਿਰੋਧੀ ਇੰਨਾਂ ਨੇੜੇ ਹੋਵੇਗਾ ਕਿ ਜੇ ਹੋ ਸਕੇ ਤਾਂ ਚੁਣਿਆਂ ਹੋਇਆਂ ਨੂੰ ਵੀ ਭੁਚਲਾਵੇ ਵਿੱਚ ਪਾ ਦਵੇ। ਤੇ ਆਖਿਆ, "ਤੁਸੀਂ ਗੈਰਕੋਮਾਂ ਵਾਂਗੂ ਆਪਣੀ ਪ੍ਰਾਰਥਨਾ ਬਾਰ ਬਾਰ ਨਾ ਕਰੋ," ਕਿਹਾ, "ਬਕ ਬਕ ਨਾ ਕਰੋ, ਧੰਨ ਹੈ ਮਰੀਅਮ ਤੂੰ, ਤੂੰ ਮੁਬਾਰਕ ਹੈਂ, ਕਿਰਪਾ ਦੇ ਨਾਲ ਭਰਪੂਰ ਅਤੇ ਮੁਬਾਰਕ ਹਨ..." ਆਖਿਆ, "ਤੁਸੀਂ ਗੈਰਕੋਮਾ ਦੇ ਵਾਂਗ ਬਕ ਬਕ ਨਾ ਕਰੋ"। ਉਹਨੇ ਕਿਹਾ, "ਤੁਸੀਂ ਇਸ ਧਰਤੀ ਉੱਤੇ ਕਿਸੇ ਨੂੰ ਵੀ 'ਪਿਤਾ' ਨਾ ਕਹੋ ਜਿਵੇਂ ਕਿ ਤੁਹਾਡਾ ਇੱਕੋ ਪਿਤਾ ਹੈ ਜੋ ਕਿ ਸੁਰਗ ਵਿੱਚ ਹੈ"।

139 ਪਰ ਤੁਸੀਂ ਮੁੜ ਕੇ ਉਹਦੇ ਨਾਲ ਵਿਆਹ ਕਰ ਲੈਂਦੇ ਹੋ, ਤੁਸੀਂ ਜਿਦਾਂ ਵੀ ਹੋਵੇ ਇਹ ਕਰਦੇ ਹੋ, ਕਿਉਂਕਿ ਇਹ ਮਸ਼ਹੂਰ ਹੈ। ਸ਼ੈਤਾਨ ਦੇ ਕੋਲ ਹਮੇਸ਼ਾ ਹੀ ਮਸ਼ਹੂਰ ਚੀਜ ਹੁੰਦੀ ਹੈ। ਤੇ ਇਹ ਸ਼ੁਰੂ ਤੋਂ ਹੀ "ਧਰਮ ਦਾ ਰੂਪ" ਰਿਹਾ ਹੈ। ਕਾਈਂਨ ਦੇ ਕੋਲ ਵੀ ਇਹੋ ਹੀ ਚੀਜ ਸੀ। ਇੱਥੇ ਠੀਕ ਉਹਦਾ ਆਤਮਾ ਇਹਦੇ ਵਿੱਚ ਚੱਲ ਰਿਹਾ ਹੈ। ਮਸੀਹ ਵਿਰੋਧੀ ਦੇ ਦੁਆਰਾ ਤੇ ਇੱਥੇ ਕਤਲ ਕੀਤਾ ਗਿਆ ਹਾਬਲ ਵੀ ਆਉਂਦਾ ਹੈ। ਇਹ ਠੀਕ ਹੈ। ਧਿਆਨ ਦਿਓ, ਅਤੇ ਹੁਣ ਵੇਖੋ।

140 ਇਹ ਸਭ ਜੰਤੂ ਉੱਥੇ ਪਿਛਾਂਹ ਉਹ ਸਾਰੇ ਹੀ ਇੱਥੇ ਇੱਕ ਵਿੱਚ ਆ ਕੇ ਖਤਮ ਹੋਏ ਸਨ। ਜੋ ਕਿ "ਲਾਲ ਅਜਗਰ" ਸ਼ੈਤਾਨ ਅਖਵਾਉਂਦਾ ਹੈ।

ਆਓ 13 ਅਧਿਆਏ ਦੀ 15 ਆਇਤ ਲਈਏ।

141 ਤੁਸੀਂ ਹੁਣ ਸਮਝਦੇ ਹੋ ਕਿ *ਰੋਮ* "ਸ਼ੈਤਾਨ ਦੀ ਗੱਦੀ" ਸੀ। ਸੱਤ ਸਿਰਾਂ ਵਾਲਾ ਦਰਿੰਦਾ ਜਿਹਦੇ ਦੱਸ ਸਿੰਗ ਸਨ ਬੱਚੇ ਦੇ ਲਾਗੇ ਖਲੋਤਾ ਸੀ ਤੇ ਉਹ ਬੱਚਾ ਮਸੀਹ ਸੀ, ਉਹਨੂੰ ਭੱਛ ਲੈਣ ਵਾਸਤੇ ਜਿਦਾਂ ਹੀ ਉਹਦਾ ਜਨਮ ਹੋਇਆ। ਇਹ ਕਿਹਨੇ ਕੀਤਾ? ਹੈਰੋਦੇਸ, ਰੋਮ; ਹਮੇਸ਼ਾ ਹੀ ਰਿਹਾ ਹੈ। ਜੇ ਸਾਡੇ ਕੋਲ ਬਹੁਤ ਸਮਾਂ ਹੋਇਆ ਤਾਂ ਅਸੀਂ ਸਿੱਧੇ ਦਾਨੀਏਲ ਦੇ ਵਿੱਚ ਜਾਵਾਂਗੇ, ਤੇ ਜੇ ਖੁਦਾ ਸਾਡੀ ਮੱਦਦ ਕਰੇ ਤਾਂ ਅਸੀਂ ਵੇਖਾਂਗੇ।

142 ਲਿਖਤਾਂ ਵਿੱਚ ਹਰੇਕ ਜਗ੍ਹਾ, ਗੈਰਕੋਮਾ ਦੇ ਸ਼ੁਰੂ ਵਿੱਚ ਪਿਛਾਂਹ ਉਤਪਤ ਤੋਂ ਸ਼ੁਰੂ ਕਰਕੇ ਮੈਂ ਸਿੱਧ ਕਰ ਸਕਦਾ ਹਾਂ ਬਾਬੁਲ ਉਤਪਤ ਵਿੱਚ ਸ਼ੁਰੂ ਹੋ ਗਿਆ ਅਤੇ ਪ੍ਰਕਾਸ਼ ਦੀ ਪੋਥੀ ਵਿੱਚ ਖਤਮ ਹੋ ਗਿਆ। ਅਤੇ ਉੱਥੇ ਹਾਮ ਦੇ ਪੁੱਤਰ

ਨਿਮਰੋਦ ਦੇ ਨਾਲ ਸ਼ੁਰੂ ਹੋਇਆ, ਮੂਰਤੀਪੂਜਾ ਦੇ ਦੁਆਰਾ, ਮੂਰਤੀਆਂ ਨੂੰ ਅੰਦਰ ਲਿਆਉਣਾ, ਮੂਰਤੀਆਂ ਦੀ ਪੂਜਾ ਕਰਨਾ। ਤੇ ਇਸ ਤਰ੍ਹਾਂ ਚੱਲਦਾ ਹੀ ਰਿਹਾ ਹੈ ਤੇ ਅੰਤ ਦੇ ਦਿਨਾਂ ਵਿੱਚ ਇੰਨਾਂ ਚਤੁਰ ਹੈ ਐਥੋਂ ਤੋੜੀ ਕਿ ਇਹਨੇ ਮਸੀਹਤ ਦੇ ਨਾਮ ਨੂੰ ਆਪਣੇ ਉੱਤੇ ਧਰਿਆ ਹੋਇਆ ਹੈ ਅਤੇ ਅਜੇ ਵੀ ਮੂਰਤੀਪੂਜਾ!

143 ਦੂਸਰੇ ਥਿਸਲੁਨੀਕੀਆਂ ਵਿੱਚ ਕੀ ਮਹਾਨ ਸੰਤ ਪੌਲੁਸ ਨੇ ਨਹੀਂ ਕਿਹਾ? ਆਓ ਇਸਨੂੰ ਪੜ੍ਹੀਏ, ਇਸ ਤੋਂ ਪਹਿਲਾਂ ਕਿ ਅਸੀਂ ਅਗਾਂਹ ਵੱਧੀਏ। ਦੂਸਰਾ ਥਿਸਲੁਨੀਕੀਆਂ ਦੂਜਾ ਅਧਿਆਏ ਅਤੇ ਵੇਖੋ ਕਿ ਪੌਲੁਸ ਨੇ ਇੱਥੇ ਕੀ ਆਖਿਆ ਹੈ। ਉਹਨੇ ਤਾਂ ਇਹਨੂੰ ਆਤਮਾ ਵਿੱਚ ਵੀ ਵੇਖ ਲਿਆ। ਇਸ ਤੋਂ ਪਹਿਲਾਂ ਕਿ ਉਹ ਇਸ ਦਿਨ ਵਿੱਚ ਆਵੇ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ।

144 ਠੀਕ ਹੈ, ਮੇਰੇ ਪ੍ਰਭੂ, ਕਿਹੋ ਜਿਹਾ ਦਿਨ ਹੈ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ, ਆਦਮੀ ਅਤੇ ਔਰਤਾਂ ਮੂਰਤੀਪੂਜਾ ਦੇ ਹਨੇਰੇ ਵਿੱਚ ਇਕੱਠੇ ਹੋ ਰਹੇ ਹਨ। ਅਤੇ ਇਹਨੂੰ ਜਾਣਦੇ ਵੀ ਨਹੀ। ਕਿੰਨੀ—ਕਿੰਨੀ ਹੀ ਅਫਸੋਸ ਦੀ ਗੱਲ ਹੈ! ਕਿਵੇਂ ਉਹ ਦਿਨ...

145 ਪੌਲੁਸ ਨੇ ਆਖਿਆ, "ਉਹ ਦਿਨ ਨਹੀਂ ਆਵੇਗਾ, ਜਦ ਤਕ ਕਿ ਪਹਿਲਾਂ ਧਰਮ ਤਿਆਗ ਨਾ ਹੋ ਲਵੇ"। ਹੁਣ ਗੋਹ ਕਰੋ, ਪੌਲੁਸ ਉਹਨੂੰ ਇੱਕ ਆਦਮੀ ਹੋਣ ਦਾ ਏਲਾਨ ਕਰਦਾ ਹੈ। ਕੀ ਇਹ ਠੀਕ ਹੈ? [ਸਭਾ ਆਖਦੀ ਹੈ, "ਆਮੀਨ"—ਸੰਪਾ] ਪੌਲੁਸ ਨੇ ਆਖਿਆ, "ਉਹ ਪਾਪ ਦਾ ਆਦਮੀ ਸੀ, ਜੋ ਕਿ ਵਿਰੋਧੀ ਹੈ ਅਤੇ ਹਰ ਇੱਕ ਉੱਤੇ ਜਿਹੜਾ ਦੇਵ ਅਖਵਾਉਂਦਾ ਜਾਂ ਪੂਜਿਆ ਜਾਂਦਾ ਹੈ ਤਾਂ ਕਿ ਉਹਦੀ ਪੂਜਾ ਪਰਮੇਸ਼ਵਰ ਵਾਂਗ ਹੋਵੇ"। ਇੱਕ ਆਦਮੀ, ਜਿਹਦੀ ਪੂਜਾ ਪਰਮੇਸ਼ਵਰ ਵਾਂਗ ਹੁੰਦੀ ਹੈ, ਇੱਕ ਆਦਮੀ ਜੋ ਕਿ ਇੱਕ ਪੂਜਾ ਦੇ ਰੂਪ ਵਿੱਚ ਧਰਿਆ ਜਾਂਦਾ। ਅਤੇ ਉਹਨੇ ਕਿਹਾ, "ਉਹ ਦਿਨ ਨਹੀਂ ਆਵੇਗਾ ਜਦ ਤਕ ਕਿ ਪਹਿਲਾਂ ਧਰਮ ਤਿਆਗ ਨਾ ਹੋ ਲਵੇ"। ਇਹ ਕੀ ਹੈ? ਕਲੀਸੀਆ ਦੀ ਸਿਲਗਰਮ ਹਾਲਤ। ਠੀਕ ਹੈ।

146 ਸੁਣੋ। ਮੈਂ ਇਹਨੂੰ ਤੁਹਾਡੇ ਲਈ ਪੜ੍ਹਦਾ ਹਾਂ, ਜੇ ਤੁਸੀਂ ਚਾਹੋ ਤਾਂ, ਦੂਜਾ ਥਿਸਲੁਨੀਕੀਆਂ। ਠੀਕ ਹੈ। ਜੇ ਮੈਂ ਹੁਣ ਸ਼ੁਰੂ ਕਰਨ ਦੇ ਲਈ ਠੀਕ ਅਧਿਆਏ ਤੇ ਆਇਤ ਕੱਢਾਂਗਾ ਤਾਂ ਕਿ ਸਾਨੂੰ ਬਹੁਤ ਪੜ੍ਹਨਾ ਨਹੀਂ ਪਵੇਗਾ। "ਕੋਈ ਤੁਹਾਨੂੰ ਕਿਸੇ ਤਰ੍ਹਾਂ ਨਾ ਭਰਮਾਵੇ," ਦੂਜਾ ਥਿਸਲੁਨੀਕੀਆਂ ਦੂਜਾ ਅਧਿਆਏ ਅਤੇ ਤੀਜੀ ਆਇਤ।

> *ਕੋਈ ਤੁਹਾਨੂੰ ਕਿਸੇ ਤਰ੍ਹਾਂ ਨਾ ਭਰਮਾਵੇ; ਕਿਉਂ ਜੋ ਉਹ ਦਿਨ ਆਵੇਗਾ ਜਿਨ੍ਹਾਂ ਚਿਰ ਧਰਮ ਤਿਆਗ ਨਾ ਹੋ ਜਾਵੇ।* (ਹੁਣ ਇਹ ਲਾਉਦੀਕੀਏ ਦੀ ਕਲੀਸੀਆ ਦਾ ਯੁੱਗ ਹੈ)...*ਅਤੇ ਉਹ ਆਦਮੀ*

(ਆਦਮੀ ਇੱਕਵਚਨ।)...*ਪਾਪ ਦਾ ਆਦਮੀ, ਵਿਨਾਸ਼ ਦਾ ਪੁੱਤਰ ਪ੍ਰਗਟ ਨਾ ਹੋ ਲਵੇ;* (ਬਜਾਏ, ਪਰਮੇਸ਼ਵਰ ਦੇ ਪੁੱਤਰ ਦੀ ਥਾਂ) *ਵਿਨਾਸ਼ ਦਾ ਪੁੱਤਰ;*

*ਜੋ ਵਿਰੋਧੀ ਹੈ ਅਤੇ ਹਰ ਇੱਕ ਉੱਤੇ ਜਿਹੜਾ ਅਖਵਾਉਂਦਾ ਹੈ ਜਾਂ ਪੁੱਜਿਆ ਜਾਂਦਾ ਹੈ ਤਾਂ ਕਿ ਉਹਦੀ ਪੂਜਾ ਪਰਮੇਸ਼ਵਰ ਵਾਂਗ ਕੀਤੀ ਜਾਵੇ; ਐਥੋਂ ਤੀਕ ਕਿ ਜੋ ਉਹ ਪਰਮੇਸ਼ਵਰ ਦੀ ਹੈਕਲ ਵਿੱਚ ਬਹਿੰਦਾ ਹੈ ਅਤੇ ਆਪਣੇ ਆਪ ਨੂੰ ਪਰਮੇਸ਼ਵਰ ਕਰਕੇ ਵਿਖਾਉਂਦਾ ਹੈ।* (ਇਕਰਾਰਾਂ ਨੂੰ ਸਵੀਕਾਰ ਕਰਦਾ ਹੈ!)

147 ਮੇਰੇ ਕੈਥੋਲਿਕ ਮਿੱਤਰੋ, ਮੈਨੂੰ ਨਾ ਦੱਸੋ! (ਭਾਈ ਬ੍ਰਾਨਹਮ ਚਾਰ ਵਾਰ ਪੁਲਪਿਤ ਖੜਕਾਉਂਦੇ ਹਨ—ਸੰਪਾ) ਤੁਸੀਂ ਕਿਵੇਂ ਆਖਦੇ ਹੋ, ਕਿ "ਤੁਸੀਂ ਇੱਕ ਵਿਆਹ ਦੇ ਵਿੱਚ ਹੀ ਵਿਸ਼ਵਾਸ ਕਰਦੇ ਹੋ; ਤੇ ਕੈਥੋਲਿਕ ਚਰਚ ਇੱਕੋ ਹੀ ਵਿਆਹ ਦੀ ਗੱਲ ਕਰਦੇ ਹਨ"। ਜੇ ਤੁਹਾਡੇ ਕੋਲ ਪੈਸਾ ਨਹੀਂ ਹੈ, ਤਾਂ ਕੋਈ ਗੱਲ ਨਹੀਂ ਹੈ। ਪਰ ਮੈਂ ਤੁਹਾਨੂੰ ਆਖਦਾ ਹਾਂ, ਕਿ ਮੇਰੇ ਆਪਣੇ ਹੀ ਲੋਕਾਂ ਵਿੱਚ; ਤੇ ਇੱਕ ਜਵਾਨ ਔਰਤ ਜੋ ਕਿ ਠੀਕ ਇੱਥੇ ਬੈਠੀ ਹੋਈ ਹੈ, ਇੱਕ ਮਾਂ ਜੋ ਇੱਥੇ ਬੈਠੀ ਹੋਈ ਹੈ, ਅਤੇ ਪਿਤਾ ਵੀ, ਬੈਠਾ ਹੋਇਆ ਹੈ; ਅਤੇ ਇਸ ਛੋਟੇ ਮੁੰਡੇ ਦੇ ਨਾਲ ਇੱਕ ਹੋਰ ਔਰਤ ਬੈਠੀ ਹੋਈ ਹੈ। ਕੁੜੀ ਨੇ ਪ੍ਰੋਟੈਸਟੈਂਟ ਮੁੰਡੇ ਨਾਲ ਵਿਆਹ ਕੀਤਾ ਸੀ; ਤੇ ਵੱਖਰੇ ਹੋ ਕੇ ਚਲੇ ਗਏ। ਸੋ ਤਦ, ਪਹਿਲੀ ਗੱਲ ਤੁਸੀਂ ਜਾਣਦੇ ਹੋ, ਉਹ ਕੁੜੀ ਇੱਕ ਕੈਥੋਲਿਕ ਮੁੰਡੇ ਨਾਲ ਵਿਆਹ ਕਰਨ ਵਾਲੀ ਸੀ; ਤੇ ਉਹਨੂੰ ਜਾ ਕੇ ਤੇ ਬਹੁਤ ਪੈਸਾ ਭਰਨਾ ਪਿਆ, ਅਤੇ ਵਾਪਸ ਆਈ, ਅਤੇ, "ਉਹ ਇਸ ਪ੍ਰੋਟੈਸਟੈਂਟ ਮੁੰਡੇ ਨਾਲ ਵਿਆਹੀ ਹੀ ਨਹੀਂ ਗਈ, ਪਹਿਲੇ ਸਥਾਨ ਵਿੱਚ।" ਇੱਥੇ ਹੋਵਾਰਡ ਹੈ, ਮੇਰੇ ਆਪਣੇ ਹੀ ਲੋਕ...

148 ਠੀਕ ਹੈ। ਇੱਥੇ...ਮੈਂ ਨਾਮ ਤਾਂ ਨਹੀਂ ਦੱਸਾਂਗਾ। ਉਹਦੀ ਇੱਕ ਕੁੜੀ ਹੈ। ਅਤੇ ਉਹ ਕੁੜੀ ਛੱਬੀ ਸਾਲ ਦੀ ਉਮਰ ਦੀ ਹੈ। ਉਹਦਾ ਪਤੀ ਉਹਨੂੰ ਮਿਲਟਾਉਨ ਵਿੱਚ ਛੱਡ ਗਿਆ, ਤੇ ਉਹ ਭੱਜ ਗਈ। ਤੇ ਉਹ ਕੈਥੋਲਿਕ ਆਦਮੀ ਦੇ ਨਾਲ ਵਿਆਹ ਕਰ ਲਿਆ। ਅਤੇ ਹੁਣ ਉਹ ਆਖਦੇ ਹਨ, "ਉਹਨੂੰ ਚਰਚ ਵਿੱਚੋਂ ਬਾਹਰ ਜਾਣਾ ਪਵੇਗਾ"। ਤੇ ਉਹਨਾਂ ਨੇ ਬਹੁਤ ਸਾਰਾ ਪੈਸਾ ਭਰਿਆ ਤੇ ਵਾਪਿਸ ਆਣ ਕੇ, ਤੇ "ਉਹਨੂੰ ਫਿਰ ਕੁੰਵਾਰੀ ਵਿੱਚ ਬਦਲ ਦਿਓ"। ਅਤੇ ਫਿਰ ਉਹਨੂੰ ਇਸ ਆਦਮੀ ਦੇ ਨਾਲ ਵਿਆਹ ਦਿੱਤਾ। ਇਹ ਤਾਂ ਸੜਿਆਂਧ ਹੈ! ਤੇ ਉਹਨੂੰ ਵਾਪਿਸ ਕੁੰਵਾਰੀ ਵਿੱਚ ਬਦਲ ਦਿਓ? ਉਹ ਵਿਆਹੀ ਹੋਈ ਹੈ, ਪਰਮੇਸ਼ਵਰ ਦੀ ਨਿਗਾਹ ਵਿੱਚ, ਤੇ ਵਿਭਚਾਰ ਵਿੱਚ ਜੀ ਰਹੀ ਹੈ। ਇਹ

ਬਿਲਕੁਲ ਠੀਕ ਹੈ। ਇਹ ਤਾਂ **ਯਹੋਵਾਹ ਇੰਞ ਫ਼ਰਮਾਉਂਦਾ ਹੈ** ਵਾਲੀ ਬਾਣੀ ਹੈ। ਸਮਝੇ?

149 ਕਿੰਨੀ ਨਿਰਾਦਰੀ ਹੈ! "ਕਿੰਨਾ ਸਾਰਾ ਪੈਸਾ ਭਰਨਾ ਪਿਆ"। ਇਹੋ ਹੀ ਕਾਰਣ ਹੈ ਕਿ ਉਹਨਾਂ ਨੇ ਇਹ ਵੱਡੇ ਗਿਰਜੇ ਤੇ ਸਕੂਲ ਉਸਾਰੇ ਹਨ। ਇਦਾਂ, ਸਾਰੇ ਸੰਸਾਰ ਨੇ...ਤੁਸੀਂ ਇਹਨੂੰ ਨਹੀਂ ਜਾਣਦੇ ਸਾਰੇ ਸੰਸਾਰ ਵਿੱਚ। ਤੁਸੀਂ ਮੇਰੇ ਨਾਲ ਇੱਕ ਵਾਰ ਵਿਦੇਸ਼ ਜਾਓ। ਤੇ ਤੁਹਾਨੂੰ ਪਤਾ ਲੱਗ ਜਾਵੇਗਾ। ਹਾਂ ਸ਼੍ਰੀ ਮਾਨ ਜੀ। ਭਾਈ ਜੀ ਤੁਸੀਂ ਉੱਥੇ ਜਾਓ। ਜਿੱਥੇ ਕਿ ਉਹਨਾਂ ਦਾ ਹੱਥ ਉੱਚਾ ਹੈ।

150 ਮੈਂ ਤੁਹਾਨੂੰ ਇਖਤਿਆਰ ਪੂਰਨ ਇੱਕ ਤਸਵੀਰ ਵਿਖਾ ਸਕਦਾ ਹਾਂ, ਭਾਈ ਕੋਪ ਨੇ ਉਹ ਤਸਵੀਰ ਖਿੱਚੀ ਤੇ ਮੈਨੂੰ ਘੱਲੀ ਹੈ, ਇੱਕ ਪ੍ਰੋਟੈਸਟੈਂਟ ਪ੍ਰਚਾਰਕ ਦੀ। ਪਵਿੱਤਰ ਆਤਮਾ ਦੇ ਨਾਲ ਭਰਪੂਰ ਪ੍ਰਚਾਰਕ ਦੀ, ਜੋ ਗਲੀ ਵਿੱਚ ਪਿਆ ਸੀ। ਤੇ ਇਨਾਂ ਉੱਚਾ ਉਹਦਾ ਸ਼ਰੀਰ ਫੁਲਿਆ ਹੋਇਆ ਸੀ, ਤੇ ਉਹਦੀ ਪਤਨੀ ਵੀ, ਤੇ ਇੱਕ ਛੋਟੀ ਕੁੜੀ ਵੀ, ਏਦਾਂ ਉਹਨਾਂ ਦੇ ਸ਼ਰੀਰ ਫੁੱਲੇ ਹੋਏ ਸਨ; ਕਿਉਂਕਿ ਉਹਨਾਂ ਨੇ ਯਿਸੂ ਮਸੀਹ ਦਾ ਪ੍ਰਚਾਰ ਕੀਤਾ, ਜੀਉਣ ਦੀ ਸਾਮਰਥ ਦਾ ਤੇ ਲੋਕ ਬਚ ਸਕਦੇ ਸਨ ਤੇ ਪਵਿੱਤਰ ਆਤਮਾ ਪਾ ਸਕਦੇ ਸਨ। ਉਹਨਾਂ ਨੇ ਉਹਨਾਂ ਦਾ ਕਤਲ ਕਰ ਦਿੱਤਾ, ਤੇ ਉਹਨਾਂ ਨੂੰ ਦਫ਼ਨ ਨਹੀਂ ਸੀ ਕਰਨ ਦਿੰਦੇ, ਕਈ ਦਿਨ ਤਕ ਉਹਨਾਂ ਦੇ ਸ਼ਰੀਰਾਂ ਤੇ ਥੱਕਦੇ ਰਹੇ। ਇਹ ਠੀਕ ਹੈ।

151 ਠੀਕ ਉੱਥੇ ਹੀ ਜਿੱਥੇ ਕਿ ਭਾਈ ਓਬੋਰਨ ਨੂੰ ਵੀ ਰੱਖਿਆ ਗਿਆ ਸੀ ਤੇ ਬੰਦੂਕਾਂ ਦੇ ਨਾਲ ਉਹਨਾਂ ਨੂੰ ਬਾਹਰ ਲਿਆਂਦਾ ਗਿਆ ਸੀ। ਉਹ ਉੱਥੇ ਗਏ ਤੇ ਕੁਝ ਪਾਦਰੀਆਂ ਦਾ ਸਮੂਹ ਉੱਥੇ ਆਣ ਇਕੱਠਾ ਹੋਇਆ ਤੇ ਉਹਨਾਂ ਨੇ ਇਸ ਜਵਾਨ ਆਦਮੀ ਦਾ ਕਤਲ ਕਰ ਦਿੱਤਾ। ਅਤੇ ਉਹਦੀ ਪਤਨੀ ਨੂੰ ਹੁਣ ਅਜੇ ਹੀ ਬੱਚਾ ਹੋਇਆ ਸੀ। ਅਤੇ ਉਹ ਏਦਾਂ ਹੀ ਗਲੀ ਵਿੱਚ ਤੁਰੇ ਜਾਂਦੇ ਸਨ ਤੇ ਇੱਕ ਅੰਗਰਕਸ਼ਕ ਉਹਨਾਂ ਦੀ ਰੱਖਿਆ ਕਰਦਾ ਹੋਇਆ ਉਹਨੂੰ ਦਫ਼ਨ ਕਰਨ ਦੇ ਲਈ ਲੈ ਜਾ ਰਿਹ ਸੀ। ਅਤੇ ਇਹ ਮਾਂ ਆਪਣੇ ਬੱਚੇ ਦੇ ਨਾਲ ਆਪਣੇ ਮਰੇ ਹੋਏ ਪਤੀ ਦੇ ਪਿੱਛੇ ਪਿੱਛੇ ਰੋਂਦੀ ਜਾ ਰਹੀ ਸੀ। ਤੇ ਲੋਕਾਂ ਨੇ ਖਿੜਕੀ ਥਾਣੀ ਬਾਹਰ ਨੂੰ ਵੇਖਿਆ, ਸੱਚੇ ਦਿਲ ਦੇ ਲੋਕਾਂ ਨੇ ਅਤੇ ਆਖਿਆ, "ਜੇ ਕੈਥੋਲਿਕ ਲੋਕਾਂ ਦਾ ਇਹ ਸੋਚਣ ਦਾ ਢੰਗ ਹੈ ਤਾਂ ਅਸੀਂ ਇਹਦੀ ਨਿੰਦਿਆ ਕਰਦੇ ਹਾਂ", ਅਤੇ ਹਜਾਰਾਂ ਹੀ ਗਲੀ ਵਿੱਚ ਨਿਕਲ ਆਏ। ਭਾਈ ਓਸਬੋਰਨ ਨੇ ਉੱਥੇ ਬੇਦਾਰੀ ਸਭਾ ਲਈ, ਉਹਨੂੰ ਉਹ ਦੇਸ਼ ਵਿੱਚੋਂ ਕੱਢ ਨਹੀਂ ਸਕੇ। ਉੱਥੇ ਬਹੁਤ ਸਾਰੇ ਲੋਕ ਸਨ। ਇਹ ਬਿਲਕੁਲ ਠੀਕ ਹੈ।

152 ਔਹ, ਉਹ ਪਖੰਡੀਪਣ! ਮੈਂ ਜਾਣਦਾ ਹਾਂ, ਕਿ ਇਹ ਬੁਰੀ ਤਸਵੀਰ ਹੈ, ਕੈਥੋਲਿਕ ਮਿੱਤਰੋ ਜਰਾ ਧੀਰਜ ਦੇ ਨਾਲ ਬੈਠੇ ਰਹੋ। ਤੇ ਥੋੜ੍ਹੇ ਹੀ ਪਲਾਨ ਦੇ ਵਿੱਚ

ਅਸੀਂ ਦੂਜੇ ਪਾਸੇ ਨੂੰ ਖੁਰਚਣਾ ਸ਼ੁਰੂ ਕਰਾਂਗੇ। ਠੀਕ ਹੈ। ਧਿਆਨ ਦਿਓ।

153 ਤੇ ਹੁਣ ਅਸੀਂ ਥੋੜ੍ਹਾ ਅਗਾਂਹ ਆਵਾਂਗੇ, ਧਿਆਨ ਦਿਓ। ਪਹਿਲਾਂ ਮੈਂ ਇਹਨੂੰ ਤੁਹਾਨੂੰ ਸਮਝਾ ਲਵਾਂ। ਹੋ ਸਕਦਾ ਹੈ ਕਿ ਮੈਂ ਸਮਾਂ ਲੈ ਸਕਦਾ ਹਾਂ, ਅਜੇ ਵੀ ਮੇਰੇ ਕੋਲ ਤੀਹ ਮਿੰਟ ਹਨ। ਧਿਆਨ ਦੇ ਨਾਲ ਵੇਖੋ। ਆਓ ਪਿਛਾਂਹ ਨੂੰ ਚੱਲੀਏ, ਇੱਕ ਪਲ ਵਾਸਤੇ, ਹਰੇਕ ਪਾਠਕ, ਆਪਣੇ ਮਨ ਵਿੱਚ ਦਿਮਾਗੀ ਤਸਵੀਰ ਦੇ ਲਈ। ਜਦ...

154 ਜਦ ਕਿ ਹਰੇਕ ਰੂੜੀਵਾਦੀ ਵਿਸ਼ਵਾਸੀ ਇੱਥੇ ਜਾਣਦਾ ਹੈ ਕਿ ਗੈਰਕੋਮਾਂ ਦੀ ਬਾਦਸ਼ਾਹੀ ਰਾਜੇ ਨਬੂਕਦਨਸਰ ਦੇ ਨਾਲ ਸ਼ੁਰੂ ਹੋਈ। ਕੀ ਇਹ ਠੀਕ ਹੈ? (ਸਭਾ ਆਖਦੀ ਹੈ, "ਆਮੀਨ",—ਸੰਪਾ) ਹਰੇਕ ਰੂੜੀਵਾਦੀ ਵਿਸ਼ਵਾਸੀ ਇਹ ਜਾਣਦਾ ਹੈ। ਅਤੇ ਰਾਜੇ ਨਬੂਕਦਨਸਰ ਨੂੰ ਇੱਕ ਦਰਸ਼ਨ ਹੋਇਆ ਅਤੇ ਦਾਨੀਏਲ ਨੇ ਉਹਨੂੰ ਉਹਦਾ ਅਰਥ ਦੱਸਿਆ ਹੈ ਕੀ ਇਹ ਠੀਕ ਹੈ? ("ਆਮੀਨ"।) ਤੇ ਸੋਨੇ ਦੇ ਸਿਰ ਸੀ, ਜੋ ਕਿ ਬਾਬੁਲ ਦੇ ਲੋਕ ਸਨ। ਅਤੇ ਦੂਜੇ ਮਾਦੀ ਤੇ ਫ਼ਾਰਸੀ ਸਨ; ਤੇ ਅਗਲਾ ਯੂਨਾਨ ਦਾ ਬਾਦਸ਼ਾਹ ਸੀ ਤੇ ਉਹਦੇ ਬਾਅਦ ਰੋਮ ਦਾ। ਅਤੇ ਰੋਮੀ ਹਕੂਮਤ ਦੇ ਖਾਤਮੇ ਦੇ ਉੱਤੇ, ਯਿਸੂ ਮਸੀਹ ਉਹ ਚਟਾਨ ਸੀ ਜਿਹੜੀ ਪਹਾੜ ਵਿੱਚੋਂ ਵੱਢ ਕੇ ਕੱਢੀ ਹੋਈ ਸੀ ਬਿਨਾਂ ਹੱਥ ਲਾਏ। ਤੇ ਉਹ ਆਣ ਟਕਰਾਈ ਤੇ ਉਹਨੇ ਉਹ ਮੂਰਤਿ ਨੂੰ ਭੰਨ ਦਿੱਤਾ। (ਕੀ ਇਹ ਠੀਕ ਹੈ?) ਅਤੇ ਧਰਤੀ ਨੂੰ ਢੱਕ ਦਿੱਤਾ। ["ਆਮੀਨ"] ਕੋਈ ਵੀ ਇਹਨੂੰ ਜਾਣਦਾ ਹੈ। ਕੋਈ ਵੀ ਵਿਸ਼ਵਾਸੀ ਇਹਨੂੰ ਜਾਣਦਾ ਹੈ।

155 ਅਤੇ ਕਿੰਝ ਅੰਤ ਦੇ ਦਿਨਾਂ ਵਿੱਚ ਤੇ ਜਦ ਇਹ ਇਹਨਾਂ ਕਈ ਰਾਜਾਂ ਵਿੱਚ ਵੰਡੇ ਗਏ ਅਤੇ ਵਗੈਰਾ ਵਗੈਰਾ। ਪੈਰਾਂ ਦਿਆਂ ਉਂਗਲੀਆਂ ਵਿੱਚ ਲੋਹਾ ਅਤੇ ਮਿੱਟੀ ਸੀ। ਅਤੇ ਇਹਦਾ ਅਰਥ ਹੈ ਕਿ ਜਿਦਾਂ ਨਬੀ ਨੇ ਆਖਿਆ, "ਜਿਹਾ ਕੁ ਤੁਸਾਂ ਵੇਖਿਆ ਕਿ ਜਿਵੇਂ ਲੋਹਾ ਮਿੱਟੀ ਦੇ ਨਾਲ ਰਲਦਾ ਨਹੀਂ ਤਿਵੇਂ ਉਨ੍ਹਾਂ ਦਾ ਆਪੋ ਵਿੱਚ ਕੋਈ ਮੇਲ ਨਹੀਂ ਹੋਵੇਗਾ"। ਪਰ ਉਹ ਉਹਨਾਂ ਬੀਜਾਂ ਨੂੰ ਇਕੱਠੇ ਰਲਾ ਦੇਣਗੇ, ਕੋਸ਼ਿਸ਼...ਦੂਜੇ ਸ਼ਬਦਾਂ ਵਿੱਚ ਉਹ ਉਹਨਾਂ ਵਿੱਚ ਵਿਆਹ ਕਰਨਗੇ ਆਪਣੇ ਬੱਚਿਆਂ ਨੂੰ ਪਾਲਣ ਦਾ ਯਤਨ ਕਰਨਗੇ ਅਤੇ ਏਦਾਂ ਸ਼ਕਤੀਆਂ ਦੇ ਲਈ ਟੁੱਟ ਜਾਣਗੇ। ਅਤੇ ਤੁਸੀਂ ਜਾਣਦੇ ਹੋ ਕਿ ਇਹ ਸੱਚਾਈ ਹੈ। ਪਰ ਜਿਹੜੀ ਇਹਦੀ ਪਕੜ ਹੈ ਅਤੇ ਤੁਸੀਂ ਲੋਕ ਜੋ ਇਹਦੇ ਨਾਲ ਜੁੜੇ ਰਹਿੰਦੇ ਹੋ, "ਔਹ", ਆਖਦੇ ਹੋ, "ਇਹ ਬੜਾ ਸ਼ਾਨਦਾਰ ਹੈ"।

156 ਇਸ ਸਟੀਵਨਸਨ ਨੂੰ ਵੇਖੋ, ਜੋ ਵੀ ਇਹਦਾ ਨਾਮ ਹੈ ਇੱਥੇ। ਹੁਣ ਇੱਥੇ... ਉਹਦਾ ਨਾਉ ਕੀ ਹੈ? ਮੈਂ ਇਹਨੂੰ ਭੁੱਲ ਗਿਆ ਹਾਂ...ਉਹ ਆਦਮੀ ਇੱਥੋਂ ਦਾ ਜੋ

ਕਿ ਇੱਥੇ ਆਲੇ ਦੁਆਲੇ ਝਗੜਾ ਪੈਦਾ ਕਰ ਰਿਹਾ ਹੈ। [ਸਭਾ ਨਾਮ ਆਖਦੀ ਹੈ—ਸੰਪਾ] ਹਾਂ ਜੀ। ਔਹ, ਮੇਰਿਆ!

157 ਇਹ ਅਮਰੀਕਾ ਦੇਸ਼ ਹੇਠਲੀ ਤਹਿ ਤਕ ਸੜ ਚੁੱਕਾ ਹੈ। ਹਾਂ ਸ਼੍ਰੀਮਾਨ ਜੀ। ਮੈਂ ਤੁਹਾਨੂੰ ਉਹ ਸਮਾਂ ਦੱਸ ਸਕਦਾ ਹਾਂ ਕਿ ਜਦ...ਇਹ ਇਸਤ੍ਰੀ ਇੱਥੇ ਪਿਛਾਂਹ ਪ੍ਰਕਾਸ਼ ਦੀ ਪੋਥੀ ਦੇ 12 ਅਧਿਆਏ ਵਿੱਚ ਜਦ...ਉਹਦਾ ਨਰ ਬਾਲਕ ਪਰਮੇਸ਼ਵਰ ਦੇ ਸਿੰਘਾਸਨ ਦੇ ਉੱਤੇ ਬਹਿਣ ਲਈ ਉਠਾਇਆ ਗਿਆ, ਅਤੇ, ਜਦ ਇਹ ਹੋਇਆ ਤਾਂ ਉਹ ਇਸਤ੍ਰੀ ਉਜਾੜ ਵਿੱਚ ਨਸ ਗਈ। ਜਿੱਥੇ ਕਿ ਉਹਦੀ ਪਿਰਤਪਾਲ ਇੱਕ ਹਜਾਰ ਦੋ ਸੋ ਸੱਠ ਦਿਨਾਂ ਤਕ ਹੋਵੇ, ਬਿਲਕੁਲ ਠੀਕ ਪਲਾਈਮਾਉਥ ਰਾਕ ਵਾਲੀ ਹੀ ਤਰੀਕ। ਬਿਲਕੁਲ ਠੀਕ। ਜਿੱਥੇ ਕਿ ਕਲੀਸੀਆ ਧਰਮ ਦੀ ਅਜਾਦੀ ਦੇ ਲਈ ਇੱਥੇ ਆਈ ਅਤੇ ਉਹਨੇ ਇੱਥੇ ਆਣ ਕੇ ਪੈਰ ਜਮਾਂ ਲਏ।

158 ਅਤੇ ਅਸੀਂ ਇੱਥੇ ਪ੍ਰਕਾਸ਼ ਦੀ ਪੋਥੀ ਉਹਦਾ 13 ਅਧਿਆਏ ਪੜਾਂਗੇ ਅਤੇ ਇੱਥੇ ਉਹਦੀ 15 ਆਇਤ ਨੂੰ ਵੇਖਾਂਗੇ। ਅਤੇ, ਹੁਣ, ਇੱਕ ਪਲ ਵਾਸਤੇ ਠਹਿਰੋ। ਉਹਦੇ ਤੋਂ ਪਹਿਲਾਂ ਮੈਂ ਪਿਛਾਂਹ ਜਾਣਾ ਚਾਹੁੰਦਾ ਹਾਂ। ਅਤੇ ਅਸੀਂ ਇੱਥੇ ਵੇਖਦੇ ਹਾਂ ਕਿ ਉਹ ਜਿੱਥੇ ਸਮੁੰਦਰ ਦੇ ਰੇਤੇ ਉੱਤੇ ਖੜ੍ਹਾ ਸੀ। ਹੁਣ ਜੇ ਮੈਂ ਉਹ ਥਾਂ ਲੱਭ ਸਕਾਂ ਜਿੱਥੇ ਕਿ 11ਵੀ ਆਇਤ ਹੈ।

*ਮੈਂ ਇੱਕ ਹੋਰ ਦਰਿੰਦੇ ਨੂੰ ਧਰਤੀ ਵਿੱਚੋਂ ਨਿਕਲ ਦਿਆਂ ਡਿੱਠਾ।*
(ਪਾਣੀ ਵਿੱਚੋਂ ਨਿਕਲਦਿਆਂ ਨਹੀਂ)...

159 "ਧਰਤੀ ਦੇ ਵਿੱਚੋਂ"। ਤਦ, ਲੋਕਾਂ ਦਾ ਝੁੰਡ ਹੀ ਪਾਣੀ ਹੈ, ਤਦ ਇਹ ਤਾਂ ਉਹ ਥਾਂ ਸੀ ਜਿੱਥੇ ਲੋਕ ਨਹੀਂ ਸਨ। ਅਮਰੀਕਾ।

*...ਅਤੇ ਇੱਕ ਲੇਲੇ* ਜਿਹੇ *ਉਹਦੇ ਦੋ ਸਿੰਗ ਸਨ...*

160 "ਲੇਲੇ *ਜਿਹੇ* ਦੋ ਸਿੰਗ", ਲੇਲਾ ਨਹੀਂ। ਇਹ ਕੀ ਹੈ? ਇਹ ਤਾਂ ਸਾਡੀ ਅਮਰੀਕੀ ਸਮਝ ਹੈ। ਯਕੀਨਨ, ਸਮਝੇ, ਵੇਖੋ ਇਹ ਹੈ ਉਹ, "ਲੇਲੇ ਜਿਹੇ ਦੋ ਸਿੰਗ"। ਪਰ ਤਦ ਉਹਨੇ ਕੀਤਾ? ਪਹਿਲਾਂ ਤਾਂ ਉਹਦੇ ਕੋਲ ਧਰਮ ਦੀ ਖੁੱਲ੍ਹ ਸੀ, ਪਹਿਲਾਂ; ਉਹਨੇ ਲੇਲੇ ਵਾਂਗ ਵਤੀਰਾ ਕੀਤਾ। ਉਹ ਲੇਲੇ ਵਾਂਗ ਬੋਲਦਾ ਸੀ। ਪਰ, ਯਾਦ ਰਹੇ, ਉਹ ਹਰਗਿਜ ਵੀ ਪੁਰਾਣਾ ਛੱਤਰਾ ਨਹੀਂ ਬਣਿਆ। ਉਹ ਲੇਲਾ ਹੀ ਸੀ। ਇਹ ਦੇਸ਼ ਸਿਰਫ਼ ਡੇਢ ਸੌ ਸਾਲ ਹੀ ਪੁਰਾਣਾ ਹੈ। ਤੁਸੀਂ ਜਾਣਦੇ ਹੋ, ਇੱਕ ਲੇਲਾ ਹੀ।

*...ਅਤੇ ਤਦ ਉਹ ਅਜਗਰ ਵਾਂਗ ਬੋਲਦਾ ਸੀ।*

*ਅਤੇ ਉਹ ਉਸ ਪਹਿਲੇ ਦਰਿੰਦੇ ਦੇ ਸਾਹਮਣੇ ਉਸਦਾ ਸਾਰਾ ਇਖਤਿਆਰ ਵਰਤਦਾ ਹੈ।* (ਲਾਲ ਅਜਗਰ) *ਅਤੇ ਧਰਤੀ ਅਤੇ*

*ਉਹ ਦੇ ਵਾਸੀਆਂ ਕੋਲੋਂ ਉਸ ਪਹਿਲੇ ਦਰਿੰਦੇ ਨੂੰ ਮੱਥਾ ਟਿਕਾਉਂਦਾ ਹੈ...ਜਿਹ ਦੀ ਕਾਰੀ ਸੱਟ ਚੰਗੀ ਹੋ ਗਈ ਸੀ।* (ਧਿਆਨ ਦਿਓ!)

*ਅਤੇ ਉਹ ਵੱਡੀਆਂ ਨਿਸ਼ਾਨੀਆਂ ਵੀ ਵਿਖਾਉਂਦਾ ਹੈ ਐਥੋਂ ਤੋੜੀ ਭਈ ਮਨੁੱਖਾਂ ਦੇ ਸਾਹਮਣੇ ਆਕਾਸ਼ੋਂ ਧਰਤੀ ਉੱਤੇ ਅੱਗ ਵੀ ਵਰਸਾਉਂਦਾ ਹੈ...*(ਪਰਮਾਣੂ ਤੇ ਹਵਾਈ ਗੈਸ ਬੰਬ, ਚਤੁਰ, ਹੁਸ਼ਿਆਰ ਕੌਮ ਵਗੈਰਾ ਵਗੈਰਾ ਤੇ ਇਹਨਾਂ ਚੀਜਾਂ ਦੇ ਨਾਲ ਕੋਮਾਂ ਨੂੰ ਧੋਖਾ ਦੇ ਰਹੇ ਹਨ।)

161 ਅਤੇ ਇਸ ਅਮਰੀਕਾ ਵਿੱਚ ਅਜਿਹਾ ਸਮਾਂ ਆ ਜਾਵੇਗਾ। ਜਦ ਕਿ ਕਲੀਸੀਆ ਤੇ ਸਰਕਾਰ ਇਕੱਠੀ ਜੁੜ ਜਾਵੇਗੀ। ਤੇ ਸਾਮਵਾਦ ਦੇ ਨਾਲ ਲੜ੍ਹਨ ਦੇ ਲਈ ਕੈਥੋਲਿਕ ਤੇ ਪ੍ਰੋਟੈਸਟੈਂਟ ਆਪਣੀਆਂ ਚੀਜਾਂ ਨੂੰ ਇਕੱਠਿਆਂ ਕਰ ਲੈਣਗੇ। ਅਤੇ ਜੋ ਠੀਕ ਪਰਮੇਸ਼ਵਰ ਦੇ ਹੱਥਾਂ ਦੇ ਵਿੱਚ ਕੰਮ ਕਰ ਰਿਹਾ ਹੈ।

162 ਅਤੇ ਪ੍ਰੋਟੈਸਟੈਂਟ ਲੰਮੇ ਪਏ ਹੋਏ ਹੋ, ਗੂੜੀ ਨੀਂਦ ਵਿੱਚ ਹੋ, ਆਪਣੀ ਬਾਈਬਲ ਪੜ੍ਹਨ ਦੇ ਬਜਾਏ, ਪ੍ਰੇਮ ਕਹਾਣੀਆਂ ਪੜ੍ਹਦੇ ਹੋ! ਤੁਸੀਂ ਬਾਹਰ ਸੈਰ ਸਪਾਟੇ ਕਰਦੇ ਫਿਰਦੇ ਹੋ, ਤੇ ਕਿਸੇ ਕਿਸਮ ਦਾ ਜਸ਼ਨ ਵਿੱਚ ਜਾ ਰਹੇ ਹੋ, ਬਜਾਏ ਕਿਸੇ ਪ੍ਰਾਰਥਨਾ ਸਭਾ ਵਿੱਚ ਕਿਤੇ ਜਾਣ ਦੇ। ਉਹਨਾਂ ਪੁਰਾਣੀਆਂ ਛੋਟੀਆਂ ਛੋਟੀਆਂ ਚੀਜਾਂ ਦੇ ਉੱਤੇ ਇੱਕ ਦੂਜੇ ਦੇ ਨਾਲ ਝਗੜ ਰਹੇ ਹੋ ਜਿਹਨਾਂ ਨਾਲ ਏਨਾਂ ਫਰਕ ਨਹੀਂ ਪੈਂਦਾ। [ਭਾਈ ਬ੍ਰਾਨਹਮ ਚੁਟਕੀ ਮਾਰਦੇ ਹਨ—ਸੰਪਾ] ਤੁਹਾਨੂੰ ਤਾਂ ਕਿਤੇ ਆਪਣੇ ਗੋਡਿਆਂ ਦੇ ਉੱਤੇ ਹੋਣਾ ਚਾਹੀਦਾ ਹੈ ਜੇ ਤੁਸੀਂ ਜਾਣਦੇ ਹੋਵੋ ਕਿ ਸਦੀਪਕਤਾ ਦਾ ਕੀ ਅਰਥ ਹੈ।

163 ਧਿਆਨ ਦਿਓ, ਜਦ ਰਾਜਾ ਨਬੂਕੱਦਨਸਰ ਪਿਛਾਂਹ ਦੇ ਆਦ ਵਿੱਚ, ਜਦ ਗੈਰਕੋਮਾਂ ਦਾ ਸਮਾਂ ਸ਼ੁਰੂ ਹੋਇਆ। ਆਓ ਗੌਹ ਕਰੀਏ ਕਿ ਇਹ ਕਿੰਝ ਅੰਦਰ ਆਉਂਦਾ ਹੈ। ਜਿਸ ਢੰਗ ਦੇ ਨਾਲ ਇਹ ਅੰਦਰ ਆਇਆ ਹੈ ਤੁਹਾਨੂੰ ਪਤਾ ਲੱਗੇਗਾ ਕਿ ਇਹ ਇਦਾਂ ਹੀ ਬਾਹਰ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਕਿਰਪਾ ਦੇ ਸਮੇਂ ਦਾ ਗੈਰਕੋਮਾ ਦੇ ਲਈ ਇੱਕ ਸ਼ੁਰੂਆਤ ਸੀ। ਤੇ ਫਿਰ ਸਮੇਂ ਦਾ ਅੰਤ ਵੀ ਹੋਵੇਗਾ। ਕੀ ਇਹ ਠੀਕ ਹੈ? [ਸਭਾ ਆਖਦੀ ਹੈ,"ਆਮੀਨ"—ਸੰਪਾ]

164 ਹੁਣ ਗੌਹ ਕਰੋ, ਜਦ ਰਾਜਾ ਨਬੂਕੱਦਨਸਰ...ਜਦ ਦਾਨੀਏਲ ਨੂੰ ਉੱਥੇ ਘੱਲਿਆ ਗਿਆ, ਇੱਕ ਚਤੁਰ ਨਬੀ। ਜਦ ਕਿ ਬਾਕੀ ਦੇ ਸਭ ਯਹੂਦੀਆਂ ਨੇ ਇੱਕ ਕਿਸਮ ਦੇ ਨਾਲ ਆਪਣੇ ਆਪ ਨੂੰ ਹਲੀਮ ਕਰ ਲਿਆ ਸੀ। ਅਤੇ ਫਿਰ ਰੋਮੀਆਂ ਜਾਂ ਬਾਬੁਲ ਦੇ ਲੋਕਾਂ ਦੇ ਅੱਗੇ ਝੁਕ ਰਹੇ ਹਨ। ਪਰ ਉੱਥੇ ਤਿੰਨ ਚਾਰ ਆਦਮੀ ਸਨ; ਤਿੰਨ (ਸ਼ਦਰਕ, ਮੇਸ਼ਕ, ਅਬਦਨਗੋ)। ਅਤੇ ਦਾਨੀਏਲ, ਜਿਨ੍ਹਾਂ ਨੇ ਦਿਲ ਵਿੱਚ ਧਾਰ ਲਿਆ ਸੀ ਕਿ ਪਰਮੇਸ਼ਵਰ ਦੀ ਸੇਵਾ ਕਰਨਗੇ। ਅਤੇ ਤਦ

ਜਦ ਉਹਨਾਂ ਨੇ ਸ਼ਦਰਕ ਤੇ ਵਗੈਰਾ ਵਗੈਰਾ ਨੂੰ ਅੰਦਰ ਸੁੱਟ ਦਿੱਤਾ ਸੀ। ਅਤੇ ਦਾਨੀਏਲ ਇੱਕ ਮਹਾਨ ਆਦਮੀ ਬਣ ਗਿਆ ਸੀ। ਰਾਜਾ ਨਬੂਕੱਦਨਸਰ ਤੇ ਬੈਲਸ਼ਜਰ ਦੇ ਅਤੇ ਵਗੈਰਾ ਵਗੈਰਾ ਦੇ ਸਾਹਮਣੇ। ਜਦ ਉਹ ਮਹਾਨ ਆਦਮੀ ਬਣ ਗਿਆ, ਹੁਣ ਗੌਹ ਕਰੋ, ਰਾਜੇ ਨਬੂਕੱਦਨਸਰ ਨੇ ਇੱਕ ਸੋਨੇ ਦੀ ਮੂਰਤੀ ਬਣਾਈ ਤੇ ਉਹਨੂੰ ਬਾਹਰ ਮੈਦਾਨ ਵਿੱਚ ਰੱਖ ਦਿੱਤਾ ਅਤੇ ਆਖਿਆ ਕਿ ਹਰੇਕ ਨੂੰ ਇਸ ਮੂਰਤ ਦੇ ਅੱਗੇ ਝੁਕਣਾ ਪਵੇਗਾ।

165 ਕੀ ਤੁਸੀਂ ਕਦੇ ਇਹਦੀ ਮਹਿਸੂਮੀਅਤ ਉੱਤੇ ਧਿਆਨ ਦਿੱਤਾ ਹੈ, ਉਹ ਮੂਰਤੀ ਕਿਹਦੀ ਬਣਾਈ ਗਈ ਸੀ? ਇਹ ਦਾਨੀਏਲ ਸੀ, ਮਨੁੱਖ ਦੀ ਮੂਰਤੀ। ਅਤੇ ਕੀ ਉਹਨੇ ਨਹੀਂ ਕਿਹਾ, "ਈਸ਼ੁਰਾਂ ਦੇ ਆਤਮੇ", ਗੈਰਕੋਮ? ਅਤੇ ਜਿਦਾਂ ਉਹ ਅੱਜ ਵੀ ਹਨ ਉਹਨਾਂ ਦੇ ਕੋਲ ਤਿੰਨ ਜਾਂ ਚਾਰ ਹਨ। "ਦੇਵਤਿਆਂ ਦੇ ਆਤਮੇ ਉਹਦੇ ਵਿੱਚ ਰਹਿੰਦੇ ਹਨ"। ਤੇ ਉਹਨਾਂ ਨੇ ਇਹ ਦਾਨੀਏਲ ਦੀ ਮੂਰਤੀ ਬਣਾ ਦਿੱਤੀ। ਅਤੇ ਉਹਨੇ ਕਿਹਾ, "ਹਰੇਕ ਜਿਹੜਾ ਉਸ ਮੂਰਤੀ ਦੇ ਅੱਗੇ ਨਹੀਂ ਝੁਕੇਗਾ, ਉਹ ਬਲਦੀ ਹੋਈ ਅੱਗ ਦੀ ਭੱਠੀ ਵਿੱਚ ਸੁੱਟਿਆ ਜਾਵੇਗਾ"। ਤੁਸੀਂ ਧਿਆਨ ਦਿੱਤਾ, ਉਸ ਸਮੇਂ ਦਾਨੀਏਲ ਦ੍ਰਿਸ਼ ਉੱਤੇ ਨਹੀਂ ਹੈ। ਇਹਨੂੰ ਪਾਉਣ ਦਾ ਯਤਨ ਕਰੋ, ਜੋ ਮੇਰਾ ਮਤਲਬ ਹੈ? "ਅਤੇ ਜਿਹੜਾ ਵੀ ਉਸ ਮੂਰਤੀ ਦੇ ਅੱਗੇ ਨਹੀਂ ਝੁਕੇਗਾ ਉਹਦੇ ਟੋਟੇ ਕੀਤੇ ਜਾਣਗੇ। ਸ਼ੇਰਾਂ ਦੀ ਮਾਂਦ ਵਿੱਚ ਸੁੱਟਿਆ ਜਾਵੇਗਾ। ਅੱਗ ਦੀ ਬਲਦੀ ਹੋਈ ਭੱਠੀ ਵਿੱਚ ਸੁੱਟਿਆ ਜਾਵੇਗਾ, ਜਾਂ ਕੁਝ, ਇੱਕ ਸਜਾ"।

166 ਇਸ ਤਰੀਕੇ ਦੇ ਨਾਲ ਗੈਰਕੋਮਾ ਦਾ ਯੁੱਗ ਸ਼ੁਰੂ ਹੋਇਆ, ਮੂਰਤੀਪੂਜਾ ਦੇ ਰੂਪ ਵਿੱਚ ਧਾਰਮਿਕ ਉਪਾਸਨਾ, ਦੁਖ ਦੇ ਕੇ ਉਹਨਾਂ ਕੋਲੋਂ ਮੱਥਾ ਟਿਕਾਉਣਾ। ਅਤੇ ਬਾਈਬਲ ਨੇ ਆਖਿਆ ਹੈ ਕਿ ਇਹਦਾ ਅੰਤ ਵੀ ਇਸ ਤਰ੍ਹਾਂ ਹੀ ਹੋਵੇਗਾ, "ਇੱਕ ਪਵਿੱਤਰ ਆਦਮੀ", ਯਿਸੂ ਮਸੀਹ; ਉਹਦੀ ਮੂਰਤੀ, ਇਹਦੀ ਉਪਾਸਨਾ ਕਰਨਾ, ਅਤੇ ਹੋਰ ਹੋਰ।

167 ਤੁਹਾਨੂੰ ਯਾਦ ਹੈ ਕਿ ਫੋਕਸਸ ਬੁੱਕ ਆਫ਼ ਮਾਰਟਰਾਇਜ, ਉਹ ਉਹਨਾਂ ਦੇ ਸਾਹਮਣੇ ਏਦਾਂ ਸਲੀਬ ਰੱਖਦੇ ਹਨ ਤੇ ਇਸ ਤਰ੍ਹਾਂ ਦੋਵੇਂ ਬੰਨੇ ਇੱਕ ਇੱਕ ਬੈਲ ਨੂੰ ਜੋੜਦੇ ਹਨ। ਅਤੇ ਆਖਦੇ ਸਨ...ਜੇ ਤੁਸੀਂ ਪ੍ਰੋਟੈਸਟੈਂਟ ਵਾਦ ਨੂੰ ਛੱਡ ਕੇ ਤੇ ਕੈਥੋਲਿਕ ਨਹੀਂ ਬਣਦੇ, ਤੇ "ਸਲੀਬ ਨੂੰ ਨਹੀਂ ਚੁੰਮਦੇ"। ਤੇ ਫਿਰ ਉਹ ਇੱਕ ਬੌਲਦ ਨੂੰ ਇੱਕ ਬੰਨੇ ਵੱਲ ਅਤੇ ਦੂਜੇ ਨੂੰ ਦੂਜੇ ਬੰਨੇ ਵੱਲ ਚਲਾ ਕੇ ਉਹਨਾਂ ਨੂੰ ਚੀਰ ਸੁੱਟਦੇ ਸਨ। ਉਹ ਉਹਨਾਂ ਨੂੰ ਸ਼ਤੀਰਾਂ ਦੇ ਨਾਲ ਬੰਨ੍ਹ ਕੇ ਸਾੜ ਸੁੱਟਦੇ ਹਨ। ਉਹ ਸਭ ਕੁਝ ਕਰਦੇ ਸਨ। ਮੈਂ ਪੁਰਾਣੇ ਕਬਰਸਤਾਨਾਂ ਵਿੱਚ ਗਿਆ ਹਾਂ; ਮੈਂ ਜਾਣਦਾ ਹਾਂ ਕਿ ਮੈਂ ਕੀ ਬੋਲ ਰਿਹਾ ਹਾਂ। ਅਤੇ ਉਹ ਵੇਖੋ, ਇਹ ਠੀਕ ਹੈ। ਅਤੇ

ਉਹ ਉੱਥੇ ਪਏ ਹੋਏ ਹਨ। ਅਤੇ ਧਿਆਨ ਦਿਓ, ਮਾਰਟਿਨ ਲੂਥਰ ਤੋਂ ਪਹਿਲਾਂ ਕਿਸ ਤਰ੍ਹਾਂ ਉਹ ਸ਼ਹੀਦੀਆਂ ਪਾਉਣ ਦੇ ਦਿਨਾਂ ਥਾਣੀ ਲੰਘੇ। ਬਾਈਬਲ ਦੇ ਅਨੁਸਾਰ, ਵੀ।

168 ਹੁਣ ਧਿਆਨ ਦਿਓ। ਫਿਰ ਦੁਬਾਰਾ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਮਹਾਨ ਚੀਜ ਦਾ ਫਿਰ ਧਿਆਨ ਦਿਓ। ਕਿੰਝ ਉਹ ਬਾਬੁਲ ਦੀ ਬਾਦਸ਼ਾਹੀ ਚੂਰ ਚੂਰ ਹੋਈ? ਇੱਕ ਰਾਤ ਜਦ ਉਹਨਾਂ ਨੇ ਜਾ ਕੇ ਤੇ ਪਰਮੇਸ਼ਵਰ ਦੇ ਪਵਿੱਤਰ ਭਾਂਡੇ ਲਿਆਂਦੇ, ਤੇ ਉਹਦੇ ਵਿੱਚ ਮੈਂ ਪੀਣੀ ਸ਼ੁਰੂ ਕੀਤੀ; ਤੇ ਬੜਾ ਸ਼ਾਨਦਾਰ ਸਮਾਂ ਸ਼ੁਰੂ ਹੋਣ ਲੱਗਾ ਤੇ ਉਹਨਾਂ ਰਖੇਲਾਂ ਨੂੰ ਅਤੇ ਇਸਤਰੀਆਂ ਨੂੰ ਉੱਥੇ ਲਿਆਂਦਾ। ਅਤੇ ਉਹ ਨਾਚ ਰੰਗ ਕਰ ਰਹੇ ਤੇ ਰੰਗ ਰਲੀਆਂ ਮਨਾ ਰਹੇ ਸਨ ਤੇ ਬਹੁਤ ਹੀ ਸ਼ਾਨਦਾਰ ਸਮਾਂ ਸੀ। ਕੀ ਇਹ ਠੀਕ ਹੈ? [ਸਭਾ ਆਖਦੀ ਹੈ, "ਆਮੀਨ"—ਸੰਪਾ] ਉਸ ਸਮੇਂ ਕੰਧ ਉੱਤੇ ਇੱਕ ਲਿਖਤ ਵਿਖਾਲੀ ਦਿੱਤੀ, "*ਮਨੇ, ਮਨੇ, ਟੇਕੇਲ, ਉਫਰਸਿਨ*"। ਇਹ ਠੀਕ ਹੈ? ["ਆਮੀਨ"] ਤੇ ਉਹਨਾਂ ਨੇ ਜਾ ਕੇ ਆਪਣੇ ਸਭ ਕੱਸਦੀ ਬੁਲਾ ਕੇ ਲਿਆਂਦੇ। ਉਹਨਾਂ ਦੇ ਚਤੁਰ ਆਦਮੀ, ਸਿਲਗਰਮ ਕਲੀਸੀਆ ਦੇ ਮੈਬਰ ਤੇ ਉਹਨਾਂ ਵਿੱਚੋਂ ਕੋਈ ਵੀ ਉਹਨੂੰ ਪੜ੍ਹ ਨਾ ਸਕਿਆ। ਇਹ ਠੀਕ ਹੈ।

169 ਪਰ ਉਹਨਾਂ ਦੇ ਕੋਲ ਇੱਕ ਉੱਥੇ ਆਦਮੀ ਸੀ ਜੋ ਕਿ ਗੈਰ ਜੁਬਾਨਾਂ ਪੜ੍ਹ ਸਕਦਾ ਸੀ। ਹਾਲੇਲੂਯਾਹ, ਉਹਨਾਂ ਦਾ ਅਰਥ ਵੀ ਦੱਸ ਸਕਦਾ ਸੀ। ਸਮਝੇ, ਮੇਰਾ ਕੀ ਮਤਲਬ ਹੈ? ਉਹ ਗੈਰਜੂਬਾਨਾਂ ਦਾ ਮਤਲਬ ਦੱਸ ਸਕਦਾ ਸੀ। ਇਸ ਢੰਗ ਦੇ ਨਾਲ ਇਹ ਬਾਹਰ ਨਿਕਲਿਆ।

170 ਅਤੇ ਇਸੇ ਹੀ ਢੰਗ ਦੇ ਨਾਲ ਉਹ ਹੁਣ ਬਾਹਰ ਜਾ ਰਹੀ ਹੈ। ਲੋਕਾਂ ਦੇ ਉੱਤੇ ਪਵਿੱਤਰ ਆਤਮਾ ਦੀ ਸਮਰੱਥਾ ਜੋ ਕਿ ਪਵਿੱਤਰ ਆਤਮਾ ਦੇ ਨਾਲ ਭਰੇ ਹੋਏ ਹਨ, ਜਿਹਨਾਂ ਦੇ ਕੋਲ ਨਿਸ਼ਾਨੀਆਂ, ਅਚੰਭੇ ਅਤੇ ਸਮਰੱਥ ਹੈ। ਵੇਖੋ ਗੈਰਕੋਮਾ ਦੀ ਕਲੀਸੀਆ ਵੀ ਹੈ। ਤੇ ਉੱਥੇ ਬਚੇ ਹੋਏ ਵੀ ਸਨ।

171 ਅਤੇ ਏਦਾਂ ਇਹ ਅੰਦਰ ਆਇਆ, ਇਸ ਤਰ੍ਹਾਂ ਹੀ ਇਹ ਬਾਹਰ ਜਾਂਦਾ ਹੈ, ਬਿਲਕੁਲ ਠੀਕ। ਅੱਧੇ ਗੈਰਕੋਮਾਂ ਵਾਲੇ ਧਰਮ ਨੂੰ ਅਪਨਾਉਣ ਦੀ ਜਬਰਦਸਤੀ ਤੇ ਇਹਦੇ ਅੱਗੇ ਝੁਕਣਾ। ਅਤੇ ਪਰਮੇਸ਼ਵਰ ਇਸ ਛਾਣਬੀਣ ਦੇ ਸਮੇਂ ਵਿੱਚ ਆਉਂਦਾ ਹੈ ਅਤੇ ਗੈਰਜੁਬਾਨਾਂ ਵਿੱਚ ਲਿਖਦਾ ਹੈ। ਅਤੇ ਆਦਮੀ ਨੇ ਇਹਦਾ ਅਰਥ ਦੱਸਿਆ। ਉਹ ਅਰਥ ਦੱਸ ਸਕਦਾ ਸੀ। ਉਹ ਉਸ ਜੁਬਾਨ ਨੂੰ ਜਾਣਦਾ ਤਾਂ ਨਹੀਂ ਸੀ ਤੇ ਕੋਈ ਵੀ ਹੋਰ ਨਹੀਂ ਸੀ ਜਾਣਦਾ। ਪਰ ਉਹਦੇ ਕੋਲ ਉਹੋ ਹੀ ਪਵਿੱਤਰ ਆਤਮਾ ਸੀ ਜਿਹਨੇ ਕਿ ਉਹਨੂੰ ਉਹਦਾ ਅਰਥ ਦੱਸਣ ਦਿੱਤਾ। ਅਤੇ ਅੱਜ ਉਹੋ ਹੀ ਪਵਿੱਤਰ ਆਤਮਾ ਕਲੀਸੀਆ ਦੇ ਵਿੱਚ ਹੈ।

172 ਤੁਸੀਂ ਇਹਨੂੰ "ਕਟੜਵਾਦ" ਆਖਦੇ ਹੋ। ਮੈਂ ਮੰਨਦਾ ਹਾਂ ਕਿ ਉਹਨਾਂ ਦੇ ਕੋਲ ਇਹ ਬਹੁਤ ਸਾਰਾ ਹੈ। ਪਰ ਭਾਈ ਜੀ ਉੱਥੇ ਇੱਕ ਅਸਲੀ ਵੀ ਹੈ। ਇਹ ਠੀਕ ਹੈ, ਉੱਥੇ ਇੱਕ ਅਸਲੀ ਵੀ ਹੈ। ਸ਼ੈਤਾਨ ਹਰੇਕ ਨਕਲੀ ਚੀਜ ਨੂੰ ਜੋ ਵੀ ਉਹ ਸੁੱਟ ਸਕਦਾ ਹੈ, ਸੁੱਟਦਾ ਹੈ। ਠੀਕ ਮਾਰਗ ਦੇ ਵਿੱਚ ਤਾਂ ਕਿ ਤੁਹਾਨੂੰ ਭੰਬਲ ਭੁੱਸੇ ਵਿੱਚ ਪਾ ਦਵੇ। ਤੇ ਜੇ ਤੁਸੀਂ ਕੁਝ ਵੀ ਪਰਮੇਸ਼ਵਰ ਦੇ ਬਾਰੇ ਨਹੀਂ ਸੋਚਦੇ ਤੇ ਹਲੀਮ ਹੋ ਕੇ ਆਪਣੀ ਬਾਈਬਲ ਨਹੀਂ ਪੜ੍ਹਦੇ, ਪ੍ਰਾਰਥਨਾ ਕਰਕੇ ਤੇ ਪਰਮੇਸ਼ਵਰ ਤੋਂ ਨਹੀਂ ਪੁੱਛਦੇ ਤਦ ਇਹ ਵਿਖਾਉਂਦਾ ਹੈ ਕਿ ਤੁਸੀਂ ਆਪਣੇ ਪ੍ਰਾਣਾਂ ਦੇ ਲਈ ਦਿਲਚਸਪ ਨਹੀਂ ਹੋ।

173 ਠੀਕ ਉੱਥੇ ਚਲੇ ਜਾਓ ਅਤੇ ਆਖੋ, "ਪਰਮੇਸ਼ਵਰ, ਮੈਨੂੰ ਇਹਦੀ ਪਰਵਾਹ ਨਹੀਂ ਕਿ ਤੂੰ ਕਿੰਨੇ ਪੁਰਾਣੇ ਕਾਵਾਂ ਵਾਲੇ ਚੋਗੇ ਤੂੰ ਸੁੱਟੇ ਹੋਏ ਹਨ। ਮੈਂ ਤੇਰੀ ਬਾਈਬਲ ਨੂੰ ਹਾਜਰ ਵੇਖਦਾ ਹਾਂ। ਮੈਂ ਪੱਕਾ ਇਰਾਦਾ ਕੀਤਾ ਹੋਇਆ ਹੈ!" ਇਹ ਠੀਕ ਹੈ। "ਤੂੰ ਮੇਰਾ ਨਾਲ ਇਹਦਾ ਵਾਇਦਾ ਕੀਤਾ ਹੋਇਆ ਹੈ, ਅਬਰਾਹਾਂ ਦੀ ਸੰਤਾਨ ਦੇ ਨਾਲ"।

174 ਜੇ ਪਰਮੇਸ਼ਵਰ ਨੇ ਤੁਹਾਨੂੰ ਬੁਲਾਇਆ ਹੈ, ਤੁਸੀਂ ਇਹਦੀ ਵੱਲ ਆਉਗੇ; ਜੇ ਤੁਹਾਨੂੰ ਨਹੀਂ ਬੁਲਾਇਆ ਗਿਆ, ਮੈਨੂੰ ਇਹਦੀ ਪਰਵਾਹ ਨਹੀਂ ਕਿ ਤੁਸੀਂ ਕਿੰਨੇ ਧਾਰਮਿਕ ਹੋ, ਤੁਸੀਂ ਨਾਸ਼ ਹੋ ਜਾਉਗੇ; ਬਸ ਇਨਾਂ ਕੁ ਹੀ ਹੈ। ਤੁਸੀਂ ਨਹੀਂ ਆ ਸਕਦੇ। ਕੋਈ ਵੀ ਆਦਮੀ ਨਹੀਂ ਆ ਸਕਦਾ ਜਦ ਤਕ ਕਿ ਉਹਨੇ ਤੁਹਾਨੂੰ ਬੁਲਾਇਆ ਨਹੀਂ। ਉਹ ਨਹੀਂ ਚਾਹੁੰਦਾ ਕਿ ਕੋਈ ਨਾਸ਼ ਹੋਵੇ, ਪਰ ਤੁਹਾਡੇ ਵਿੱਚੋਂ ਬਹੁਤ ਸਾਰੇ ਹੋਣਗੇ, ਕਿਉਂਕਿ ਤੁਸੀਂ ਇਹਦੇ ਬਾਰੇ ਵਿੱਚ ਬਹੁਤ ਹੀ ਲਾਪਰਵਾਹ ਹੋ।

175 ਅਤੇ ਤੁਸੀਂ ਉੱਥੇ ਜਾਉਗੇ ਅਤੇ ਵੇਖੋਂਗੇ ਕਿ ਉੱਥੇ ਤਾਂ ਕੁਝ ਕੱਟੜਵਾਦੀ ਜਿਹਾ ਜਾਪਦਾ ਹੈ, ਇੱਕ ਪਰਛਾਵਾਂ ਜਿਹਾ, ਠੀਕ ਹੈ, ਡਾਕਟਰ ਫਲਾਣੇ ਫਲਾਣੇ ਨੇ ਤਾਂ ਫਲਾਣਾ ਫਲਾਣਾ ਆਖਿਆ ਹੈ ਅਤੇ ਵਗੈਰਾ ਵਗੈਰਾ। ਅਤੇ ਤਦ ਉੱਥੇ ਤੁਸੀਂ ਚੱਲਦੇ ਫਿਰਦੇ ਹੋ ਤੇ ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ ਬਕਦੇ ਹੋ। ਤੁਸੀਂ ਜਾਣਦੇ ਹੋ ਕਿ ਇਹ ਠੀਕ ਹੈ। ਤੇ ਇਹ ਹਰਗਿਜ ਵੀ ਮਾਫ ਨਹੀਂ ਕੀਤਾ ਜਾਵੇਗਾ।

176 ਤੁਸੀਂ ਕੁਝ ਮਿੰਟਾਂ ਵਿੱਚ ਪਤਾ ਲੱਗਾਉਗੇ ਕਿ ਸ਼ੈਤਾਨ ਦਾ ਦਾਗ ਕੀ ਹੈ, ਸ਼ੈਤਾਨ ਦੀ ਮੋਹਰ ਕੀ ਹੈ, ਦਰਿੰਦੇ ਦਾ ਨਿਸ਼ਾਨ। ਜੋ ਵੀ ਪਵਿੱਤਰ ਆਤਮਾ ਦੇ ਵਿਰੁੱਧ ਬੋਲਦਾ ਹੈ, ਨਾ ਤਾਂ ਉਸਨੂੰ ਇਸ ਜਹਾਨ ਵਿੱਚ ਨਾ ਹੀ ਆਉਣ ਵਾਲੇ ਜਹਾਨ ਵਿੱਚ ਮਾਫ ਕੀਤਾ ਜਾਵੇਗਾ। ਉਸ ਪਹਿਲੀ ਕਲੀਸੀਆ ਦੇ ਉੱਤੇ ਗੌਹ ਕਰੋ, ਉਹਨਾਂ ਨੇ ਕੀ ਕੀਤਾ। ਗੌਹ ਕਰੋ, ਇਸ ਦੂਜੀ ਕਲੀਸੀਆ ਦੇ ਬਾਰੇ

ਵਿੱਚ। ਤੁਸੀਂ ਆਪਣੇ ਆਪ ਨੂੰ ਪਰਮੇਸ਼ਵਰ ਦੇ ਰਾਜ ਵਿੱਚੋਂ ਬਾਹਰ ਕੱਢ ਕੇ ਤੇ ਸ਼ੈਤਾਨ ਦੇ ਰਾਜ ਵਿੱਚ ਵੜ ਸਕਦੇ ਹੋ। ਕਿੱਥੇ ਉੱਥੇ ਜਿੱਥੇ ਕਿ ਨਾ ਤਾਂ ਇਸ ਜਹਾਨ ਵਿੱਚ ਮਾਫ਼ੀ ਹੈ, ਤੇ ਨਾ ਹੀ ਆਉਣ ਵਾਲੇ ਜਹਾਨ ਵਿੱਚ। ਸੱਚ ਵਿੱਚ। ਸੋ ਧਿਆਨਪੂਰਵਕ ਰਹੋ, ਗੰਭੀਰਤਾ ਦੇ ਨਾਲ ਚਲੋ। ਤੁਸੀਂ ਕੀ ਕਰਦੇ ਹੋ, ਉਹਦੇ ਵਿੱਚ ਧਿਆਂਪੂਰਵਕ ਰਹੋ ਕਿਉਂਕਿ ਤੁਸੀਂ ਇਹ ਨਹੀਂ ਜਾਣਦੇ ਕਿ ਕੀ ਹੋਵੇਗਾ।

177 ਹੁਣ ਅਸੀਂ ਵੇਖਦੇ ਹਾਂ ਕਿ ਇਹ ਸਭ ਢਠ ਰਿਹਾ ਹੈ। ਮੇਰੇ ਕੋਲ ਵੀਹ ਮਿੰਟ ਹਨ। ਖਤਮ ਕਰਨ ਦੇ ਲਈ ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਨਾਲ ਕੱਢੋ ਪ੍ਰਕਾਸ਼ ਦੀ ਪੋਥੀ ਉਹਦਾ 17 ਅਧਿਆਏ ਕੁਝ ਪਲਾਂ ਵਿੱਚ ਖਤਮ ਕਰਾਂਗੇ। ਹੁਣ ਅਸੀਂ ਅਸਲੀ ਠਿਕਾਣੇ ਵੱਲ ਆਉਣ ਵਾਲੇ ਹਾਂ। ਧਿਆਨ ਦੇ ਨਾਲ ਸੁਣੋ, ਮੇਰੇ ਨਾਲ ਪੜ੍ਹੋ। ਆਪਣੀਆਂ ਬਾਈਬਲਾਂ ਖੋਲੋ ਤੇ ਪੜ੍ਹਨ ਦੇ ਲਈ ਤਿਆਰ ਹੋਵੋ। ਇਹ ਇਹਨੂੰ ਮੋਹਰ ਬੰਦ ਕਰ ਦੇਵੇਗਾ।

178 ਯਾਦ ਰਹੇ, ਦੋ ਨਿਸ਼ਾਨ ਹਨ, ਇੱਕ ਤਾਂ ਧਰਮ ਤਿਆਗ ਦਾ, ਤੇ ਦੂਜਾ ਹੈ ਪਵਿੱਤਰ ਆਤਮਾ ਦਾ। ਇੱਕ ਤਾਂ ਸ਼ੈਤਾਨ ਦਾ ਦਾਗ ਹੈ।

179 ਯਾਦ ਰਹੇ, ਮੈਂ ਇਹ ਆਖਿਆ ਹੈ, ਪਹਿਲੀ ਕੈਥੋਲਿਕ ਕਲੀਸੀਆ। ਹੁਣ ਕੈਥੋਲਿਕ ਕਲੀਸੀਆ ਕੁਝ ਪਲਾਂ ਦੇ ਲਈ ਗੰਭੀਰਤਾ ਦੇ ਨਾਲ ਬੈਠੇ। ਪਹਿਲੀ ਕੈਥੋਲਿਕ ਕਲੀਸੀਆ ਨੇ ਇਸ ਚੀਜ ਦੇ ਆਪਣੇ ਹੀ ਰਾਏ ਦੇ ਲਈ ਤੇ ਉਹਨਾਂ ਦੇ ਕੋਲ ਹੋਲੀ ਇਉਕੈਰਿਸਟ ਦੀ ਗਲਤ ਸਿੱਖਿਆ ਸੀ, ਪਵਿੱਤਰ ਆਤਮਾ ਦੇ ਬਪਤੀਸਮੇ ਦੀ ਥਾਂ ਉਸ ਪਤਾਸੇ ਵਰਗੀ ਰੋਟੀ ਨੂੰ ਲੈਣਾ।

180 ਪਰੋਟੈਸਟਾਂ ਨੇ ਹੱਥ ਮਿਲਾਉਣ ਨੂੰ ਜਾਂ ਫਿਰ ਪ੍ਰਣ ਕਰਨ ਨੂੰ ਜਾਂ ਨੇਮ ਬੰਨਣ ਨੂੰ ਅਪਨਾ ਲਿਆ। ਪਰਮੇਸ਼ਵਰ ਦੇ ਵਚਨ ਦੇ ਅਨੁਸਾਰ ਦੋਵੇਂ ਹੀ ਗਲਤ ਹਨ। ਵਚਨ ਹੀ *ਅਸਲੀ* ਨਕਸ਼ਾ ਹੈ। ਉਹਨਾਂ ਨੇ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤੀਸਮਾ ਦੇਣਾ ਸ਼ੁਰੂ ਕੀਤਾ। ਜਦ ਕਿ ਕਦੇ ਵੀ ਕਿਸੇ ਨੂੰ ਇਸ ਤਰ੍ਹਾਂ ਦਾ ਬਪਤੀਸਮਾ ਕਦੇ ਵੀ ਨਹੀਂ ਦਿੱਤਾ ਗਿਆ ਜੋ ਕਿ ਪੂਰੀ ਤਰ੍ਹਾਂ ਦੇ ਨਾਲ ਮੂਰਤੀਪੂਜਕ ਕੈਥੋਲਿਕ ਬਪਤੀਸਮਾ ਹੈ। ਅਤੇ ਉਹ ਇਹਨੂੰ ਮੰਨਦੇ ਹਨ, ਅਤੇ ਆਖਦੇ ਹਨ ਕਿ ਤੁਸੀਂ ਪ੍ਰੋਟੈਸਟੈਂਟ ਲੋਕ ਇਸ ਬਪਤੀਸਮੇ ਨੂੰ ਅਪਣਾਉਂਦੇ ਹੋ।

ਮੈਂ ਕਿਹਾ, "ਤੁਸੀਂ ਇਹ ਕਿਉਂ ਕਰਦੇ ਹੋ?"

181 ਉਹਨਾਂ ਨੇ ਕਿਹਾ, "ਕੈਥੋਲਿਕ ਚਰਚ ਦੇ ਕੋਲ ਸ਼ਕਤੀ ਹੈ ਕਿ ਜਿਹੜੀ ਵੀ ਲਿਖਤ ਉਹ ਚਾਹੁਣ ਬਦਲ ਸਕਦੇ ਹਨ"।

ਮੈਂ ਕਿਹਾ, "ਇਹ ਝੂਠ ਹੈ"।

ਉਹਨੇ ਕਿਹਾ, "ਫਿਰ ਤੁਸੀਂ ਇਹਦੇ ਸਾਹਮਣੇ ਕਿਉਂ ਝੁਕਦੇ ਹੋ?"

182 ਔਹ ਤਦ ਤੁਹਾਨੂੰ ਚੁੱਪ ਹੋਣਾ ਪਵੇਗਾ। ਮੈਨੂੰ ਨਹੀਂ, ਮੈਂ ਤਾਂ ਇਹਦੇ ਵਿੱਚ ਵਿਸ਼ਵਾਸ ਹੀ ਨਹੀਂ ਕਰਦਾ। ਇਹ ਪਰਮੇਸ਼ਵਰ ਦਾ ਵਚਨ ਹੈ। ਇਹ ਠੀਕ ਹੈ। ਜੇ ਲੋਕ ਇਹਨੂੰ ਮੰਨਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਇਕੱਲੇ ਜਾਣਾ ਪਵੇਗਾ। ਮੈਂ ਤਾਂ ਸੱਚਾਈ ਹੀ ਦੱਸਾਂਗਾ। ਇਹ ਠੀਕ ਹੈ।

183 ਹੁਣ ਧਿਆਨ ਦਿਓ। ਤਦ ਉਹ ਇਹ ਸਭ ਹੋਰ ਕਾਸੇ ਦੇ ਨਾਲ ਆ ਗਏ। ਕਲੀਸੀਆ ਇਹਦੇ ਪੁਰਾਣੇ ਮੱਤ ਸਿਧਾਂਤਾਂ ਵਿੱਚ ਸ਼ਾਮਿਲ ਹੋ ਗਈ। ਤੇ ਉਹ ਸਭ ਚੀਜਾਂ। ਕਿਹੋ ਜਿਹਾ ਇਹ ਸੜਿਆਂਧ ਤੇ ਬਕਵਾਸ ਵਾਲਾ ਟੋਲਾ ਸੀ। ਅਤੇ ਇਹਨੇ ਅਰਬਾਂ ਦੀ ਗਿਣਤੀ ਵਿੱਚ ਨਾਸਤਿਕ ਅਤੇ ਠੰਡੇ ਰਸਮਾਂ ਰਿਵਾਜਾਂ ਵਾਲੇ ਲੋਕ ਪੈਦਾ ਕੀਤੇ।

184 ਇਹ ਤਾਂ ਸ਼ੁਰੂ ਵਿੱਚ ਹੀ ਸ਼ੈਤਾਨ ਹੈ। ਮੈਂ ਤੁਹਾਨੂੰ ਇੱਥੇ ਸਾਬਿਤ ਕਰ ਸਕਦਾ ਹਾਂ ਕਿ ਬਾਈਬਲ ਨੇ ਆਖਿਆ ਹੈ ਕਿ ਸਾਰਾ ਸੰਸਾਰ ਇਸ ਦਰਿੰਦੇ ਦੀ ਸ਼ਕਤੀ ਨੂੰ ਵੇਖ ਕੇ ਹੈਰਾਨ ਸੀ। ਜੋ ਸੀ, ਜੋ ਨਹੀਂ ਹੈ, ਅਤੇ ਜੋ ਤਦ ਭੀ ਹੈ। ਇਹ ਕਿੰਝ ਹੋ ਸਕਦਾ ਹੈ ਕਿ ਉਹ ਸੀ, ਉਹ ਹੈ ਨਹੀਂ, ਆਖਿਆ ਕਿ ਸਾਰਾ ਸੰਸਾਰ ਇਹਦੇ ਲਈ ਹੈਰਾਨ ਸੀ।

185 ਜਦ ਮੂਰਤੀਪੂਜਕ ਰੋਮ ਪੋਪ ਦੀ ਅਧੀਨਗੀ ਵਿੱਚ ਆ ਗਿਆ ਤਾਂ ਮੂਰਤੀਪੂਜਾ ਹਰਗਿਜ ਵੀ ਬੰਦ ਨਹੀਂ ਹੋਈ। ਰੋਮੀ ਪ੍ਰਣਾਲੀ ਬੰਦ ਹੋ ਗਈ। ਜਦ ਕੋਈ ਨਵਾਂ ਰਾਜਾ ਰਾਜਪਾਠ ਸੰਭਾਲਦਾ ਹੈ ਤਾਂ ਉਹ ਨਵਾਂ ਪ੍ਰਬੰਧ ਸਮਾਪਤ ਕਰਦਾ ਹੈ। ਪਰ ਜਦ ਇਹ ਕੈਥੋਲਿਕ ਕਲੀਸੀਆ ਦੇ ਦੁਆਰਾ ਮੂਰਤੀਪੂਜਕ ਰੋਮ ਵਿੱਚ ਆ ਗਿਆ। ਪੋਪ ਦੇ ਦਸਤੂਰਾਂ ਦੇ ਦੁਆਰਾ ਤਾਂ ਇਹ ਹਰਗਿਜ ਵੀ ਬੰਦ ਨਾ ਹੋਈ। ਜੇ ਇੱਕ ਪੋਪ ਮਰ ਜਾਵੇ, ਉਹ ਦੂਜਾ ਖੜ੍ਹਾ ਕਰ ਲੈਂਦੇ ਹਨ। ਇੱਕ ਪੋਪ ਮਰ ਜਾਵੇ ਤਾਂ ਦੂਸਰਾ ਖੜ੍ਹਾ ਕਰ ਲੈਂਦੇ ਹਨ। ਅਤੇ ਉਹ ਦਰਨਦਾ ਜਿਹੜਾ ਹੈ ਸੀ, ਜੋ ਨਹੀਂ ਹੈ, ਤਦ ਵੀ ਹੈ, ਜੋ ਹੈ ਨਹੀਂ ਸੀ, ਜੋ ਤਦ ਵੀ ਹੈ ਸੀ... ਉਹ ਵਿਨਾਸ਼ ਵਿੱਚ ਜਾਵੇਗਾ। ਲਿਖਤਾਂ ਦੇ ਦੁਆਰਾ **ਪਵਿੱਤਰ ਆਤਮਾ ਇੰਝ ਫ਼ਰਮਾਉਂਦਾ ਹੈ।**

186 ਹੁਣ ਧਿਆਨ ਦਿਓ। ਅਤੇ ਉੱਥੇ ਇੱਕ ਆਇਆ ਤੁਸੀਂ ਹੁਣ ਸਭ ਧਿਆਨ ਕਰੋ, 17ਵਾਂ ਅਧਿਆਏ।

> *ਉਹਨਾਂ ਸੱਤਾਂ ਦੂਤਾਂ ਵਿੱਚੋਂ ਜਿਨ੍ਹਾਂ ਕੋਲ ਸੱਤ ਕਟੋਰੇ ਸਨ। ਇੱਕ ਨੇ ਆਣ ਕੇ* (ਇਹ ਆਖਰੀ ਕਟੋਰੇ ਹਨ ਜਿਹੜੇ ਉਲਟੇ ਜਾ ਰਹੇ ਹਨ) *ਮੇਰੇ ਨਾਲ ਗੱਲ ਕੀਤੀ, ਭਈ ਉਰੇ ਆ ਮੈਂ ਤੈਨੂੰ ਉਸ ਵੱਡੀ ਕੰਜਰੀ*

*ਦੀ ਸਜਾ ਵਿਖਾਵਾਂ ਜਿਹੜੀ ਬਹੁਤਿਆਂ ਪਾਣੀਆਂ ਉੱਤੇ ਬੈਠੀ ਹੋਈ ਹੈ।*

187 ਪ੍ਰਕਾਸ਼ ਦੀ ਪੋਥੀ ਦੇ 12ਵੇਂ ਅਧਿਆਏ ਤੇ ਧਿਆਨ ਦਿਓ। ਉਹ ਤਾਂ ਕੁਨਵਾਰੀ ਇਸਤ੍ਰੀ ਸੀ। ਉਹ ਤਾਂ ਇੱਕ ਅਸਲੀ ਸਤਵੰਤੀ ਸੀ। ਕਿੰਨੀ ਸੋਹਣੀ ਉਹ ਖਲੋਤੀ ਹੋਈ ਸੀ।

188 ਪਰ ਇੱਥੇ ਤਾਂ ਉਹ ਜੋ ਕੰਜਰੀਂ ਅਖਵਾਉਂਦੀ ਹੈ, "w-h-o-r-e," ਇਹਦਾ ਮਤਲਬ ਹੈ...ਉਹ ਕੀ ਹੈ? ਆਓ ਇਹਦਾ ਵਿਚਾਰ ਕਰੀਏ...ਜਾਂ ਇਸਦਾ ਨਿਰੀਖਣ ਕਰੀਏ।

189 ਮੈਨੂੰ ਮਾਫ ਕਰਨਾ। ਮੈਂ ਬਹੁਤ ਤੇਜ ਚੱਲ ਰਿਹਾ ਹਾਂ; ਸੋਚਦਾ ਸਾ ਕਿ ਮੇਰੇ ਕੋਲ ਸਿਰਫ਼ ਪੰਜ ਮਿੰਟ ਹਨ। ਮੈਂ ਤਾਂ ਇੱਕ ਹੋਰ ਘੰਟਾ ਲਾ ਦਿਆਂਗਾ, ਸੋ ਸ਼ਾਂਤ ਬੈਠੇ ਰਹੋ। [ਸਭਾ ਆਖਦੀ ਹੈ, "ਆਮੀਨ"—ਸੰਪਾ]

190 ਧਿਆਨ ਦਿਓ। ਠੀਕ ਹੈ। ਵੇਖੋ, ਆਓ ਇਹਦਾ ਨਿਰੀਖਣ ਕਰੀਏ। ਉਹ ਗੰਦੀ ਔਰਤ ਹੈ। ਵੱਡੀ ਕੰਜਰੀਂ ਕੀ ਹੁੰਦੀ ਹੈ? ਮੈਨੂੰ ਇਹ ਸ਼ਬਦ ਕਹਿਣ ਤੋਂ ਘ੍ਰਿਣਾ ਹੈ ਪਰ ਇਹ ਤਾਂ ਇੱਥੇ ਬਾਈਬਲ ਵਿੱਚ ਲਿਖਿਆ ਹੈ। ਇਹ ਉਹ ਔਰਤ ਹੈ ਜੋ ਕਿ ਚੰਗੀ ਹੋਣ ਦਾ ਦਾਅਵਾ ਕਰਦੀ ਹੈ। ਪਰ ਇਹ ਦੂਜੇ ਲੋਕਾਂ ਦੇ ਨਾਲ ਵਿਭਚਾਰ ਕਰਦੀ ਹੈ। ਹੁਣ, ਜੇ ਔਰਤ ਕਲੀਸੀਆ ਨੂੰ ਦਰਸਾਉਂਦੀ ਹੈ। ਤਦ ਇਹ ਕਲੀਸੀਆ ਹੈ ਜੋ ਕਿ ਮਸੀਹੀ ਹੋਣ ਦਾ ਦਾਅਵਾ ਕਰਦੀ ਹੈ। ਤੇ ਦੂਜੀਆਂ ਚੀਜਾਂ ਦੇ ਨਾਲ ਵਿਭਚਾਰ ਕਰਦੀ ਹੈ। ਕੀ ਇਹ ਠੀਕ ਹੈ?

191 "ਅਤੇ ਉਹ ਬਹੁਤੇ ਪਾਣੀਆਂ ਦੇ ਉੱਤੇ ਬਹਿੰਦੀ ਹੈ; ਜੋ ਕਿ ਲੋਕਾਂ ਦੀਆਂ ਭੀੜਾਂ ਅਤੇ ਮਹਾਇਣ ਹੈ"। ਅਤੇ...ਪੰਦਰਵੀਂ ਆਇਤ ਲੱਗਭਗ ਪੜ੍ਹੋ, ਤਾਂ ਤੁਸੀਂ ਇਹਨੂੰ ਵੇਖੋਂਗੇ। ਜਾਂ ਫਿਰ ਸਤਾਰਵੀਂ ਉਹਦੇ ਨਾਲ, ਇੱਕ ਪਲ ਦੇ ਬਾਅਦ ਅਸੀਂ ਇਸਨੂੰ ਲਵਾਂਗੇ। "ਉਹ ਇਸਤ੍ਰੀ ਜਿਹੜੀ ਬਹੁਤੇ ਪਾਣੀਆਂ ਉੱਤੇ ਬਹਿੰਦੀ ਹੈ; ਉਹ ਵੱਡੀ ਕੰਜਰੀਂ ਹੈ"। ਕਿਹੋ ਜਿਹੀ ਗੱਲ ਹੈ! ਹੁਣ ਜੇ ਸਾਡੇ ਕੋਲ ਕਈ ਦਿਨ ਹੁੰਦੇ ਤਾਂ ਮੈਂ ਉਸ ਇਸਤ੍ਰੀ ਨੂੰ ਲੈ ਕੇ ਉਹਦਾ ਪਤਾ ਕਾਈਨ ਤੋਂ ਲਾ ਕੇ ਪ੍ਰਭੂ ਯਿਸੂ ਮਸੀਹ ਦੇ ਹੱਥ ਦੱਸਦਾ। ਤੇ ਇਸ ਗੱਲ ਨੂੰ ਤੁਹਾਡੇ ਸਾਹਮਣੇ ਸਾਬਿਤ ਕਰ ਦਿੰਦਾ ਕਿ ਉਹ ਪਹਿਲੀ ਔਰਤ ਸੀ ਜਿਹਨੇ ਕਲੀਸੀਆ ਨੂੰ ਜਥੇਬੰਦ ਕੀਤਾ। ਉਹ ਤਾਂ ਜਥੇਬੰਦੀ ਦੀ ਮਾਂ ਹੈ। ਧਿਆਨ ਦਿਓ, "ਉਹ ਇਸਤ੍ਰੀ ਜਿਹੜੀ ਬਹੁਤੇ ਪਾਣੀਆਂ ਤੇ ਬੈਠੀ ਹੋਈ ਹੈ। ਬਹੁਤੇ ਪਾਣੀਆਂ ਤੇ ਬੈਠੀ ਹੋਈ ਹੈ"।

ਹੁਣ ਦੂਜੀ ਆਇਤ।

*...ਜਿਹਦੇ ਨਾਲ ਧਰਤੀ ਦੇ ਰਾਜਿਆਂ ਨੇ ਹਰਾਮਕਾਰੀ ਕੀਤੀ, ਅਤੇ ਧਰਤੀ ਦੇ ਵਾਸੀ ਉਹਦੀ ਹਰਾਮਕਾਰੀ ਦੀ ਮੈਂ ਨਾਲ ਮਸਤ ਹੋਏ।*

192 ਦੂਜੇ ਸ਼ਬਦਾਂ ਵਿੱਚ, ਉਹ ਮਸੀਹੀ ਕਲੀਸੀਆ ਹੋਣ ਦਾ ਦਾਆਵਾ ਕਰ ਰਹੀ ਹੈ; ਉੱਚੀ ਤੇ ਸੁੰਦਰ। ਕੁਝ ਪਲਾਂ ਵਿੱਚ, ਧਿਆਨ ਦਿਓ ਕਿ ਕਿੰਝ ਉਹ ਮੋਤੀਆਂ, ਸੋਨੇ, ਹਿਰਿਆਂ ਦੇ ਨਾਲ ਸਜੀ ਹੋਈ ਹੈ। ਉਹ ਆਖਦੇ ਹਨ, "ਉਹਦੇ ਵਰਗਾ ਕੌਣ ਹੈ?"

193 ਅਤੇ ਉਹਦੇ ਹੱਥ ਵਿੱਚ ਇੱਕ ਪਿਆਲਾ ਸੀ, ਜੋ ਕਿ ਉਹਦੀਆਂ "ਹਰਾਮਕਾਰੀਆਂ ਦੇ ਨਾਲ ਭਰਿਆ ਹੋਇਆ" ਸੀ ਉਹਦੀ ਪਲਿਤਗੀ, ਉਹਦੀ ਸਿੱਖਿਆ ਜੋ ਕਿ ਰਾਜਿਆਂ ਦੇ ਲਈ ਉਹ ਕਾਰਣ ਬਣਦੀ ਸੀ। ਔਹ, ਬਸ ਛੋਟੀ ਜਿਹੀ ਪ੍ਰਾਰਥਨਾ ਕਰੋ, ਅਤੇ ਉਹ ਦੁਆ ਕਰਕੇ ਤੁਹਾਨੂੰ "ਪਰਗੇਟਰੀ ਅਥਵਾ ਨਰਕ ਦੀ ਅੱਗ ਵਿੱਚੋਂ" ਬਾਹਰ ਕੱਢ ਦੇਵੇਗੀ ਅਤੇ ਇਹ ਸਭ ਚੀਜਾਂ। ਇਹ ਉਹ ਹੈ, ਇਹ ਹੋਈ ਨਾ ਗੱਲ। ਇਹ ਤਾਂ ਪਰਮੇਸ਼ਵਰ ਦਾ ਵਚਨ ਹੈ ਜੋ ਮੈਂ ਪੜ੍ਹ ਰਿਹਾ ਹਾਂ। ਧਿਆਨ ਦਿਓ, "ਉਹ ਮੈਨੂੰ ਚੁੱਕ ਕੇ ਲੈ ਗਿਆ, ਹੁਣ..." ਆਓ ਵੇਖੀਏ ਅਤੇ ਦਾਖਰਸ...ਹੁਣ ਤੁਸੀਂ ਵੀ ਚਾਹੁੰਦੇ ਹੋ, ਇਹ ਤੀਜੀ ਆਇਤ ਹੈ। ਠੀਕ ਹੈ।

> *ਤਾਂ ਉਹ ਮੈਨੂੰ ਆਤਮਾ ਵਿੱਚ ਇੱਕ ਵੱਲ ਲੈ ਗਿਆ ਅਤੇ ਮੈਂ ਇੱਕ ਤੀਵੀਂ ਨੂੰ ਕਿਰਮਚੀ ਰੰਗ ਦੇ ਦਰਿੰਦੇ ਉੱਤੇ...ਕਿਰਮਚੀ ਰੰਗ...* ("ਕਿਰਮਚੀ ਰੰਗ," ਧਨਵਾਨ, ਸੰਸਾਰ ਦੀ ਸਭ ਤੋਂ ਵਧੇਰੇ ਧਨਵਾਨ ਕਲੀਸੀਆ।)

194 ਉਹ ਇੱਥੇ ਪੁਕਾਰਦੇ ਹਨ, "ਉਹਦੇ ਨਾਲ ਕੌਣ ਲੜ੍ਹ ਸਕਦਾ ਹੈ?" ਸੰਸਾਰ ਵਿੱਚ ਇੱਕ ਆਦਮੀ ਹੈ, ਸੰਸਾਰ ਵਿੱਚ ਸਿਰਫ਼ ਇੱਕ ਆਦਮੀ, ਸਾਰੇ ਸੰਸਾਰ ਵਿੱਚ, ਉਹਦੇ ਕੋਲ ਸ਼ਕਤੀ ਹੈ, ਜਿਦਾਂ ਕਿ ਰਾਜਾ ਨਬੂਕੱਦਨਸਰ ਦਾ ਦਰਸ਼ਨ ਸੀ। ਅਤੇ ਉਹ ਦੱਸ ਪੈਰਾਂ ਦਿਆਂ ਉਂਗਲੀਆਂ ਹਰੇਕ ਵੱਲ ਜਾਂਦੀਆਂ ਹਨ। ਉਸ ਰੋਮੀ ਲੋਹੇ ਦੀ ਧਾਰ ਅਥਵਾ ਨਦੀ ਸੰਸਾਰ ਦੀਆਂ ਸਭ ਕੌਮਾਂ ਵਿੱਚ ਵਗਦੀ ਹੈ। ਸੰਸਾਰ ਵਿੱਚ ਕੋਈ ਹੋਰ ਦੂਜਾ ਆਦਮੀ ਨਹੀਂ ਹੈ ਜਿਹਦਾ ਦਖਲ ਹਰੇਕ ਚੀਜ ਵਿੱਚ ਹੋਵੇ ਜਿਦਾਂ ਕਿ ਰੋਮ ਦੇ ਪੋਪ ਦਾ ਹੈ। ਰਾਸ਼ਟਰਪਤੀ ਇਜਨਹੋਵਰ ਤਾਂ ਅਮਰੀਕਾ ਵਿੱਚ ਉਹਦੇ ਕਾਨੂੰਨਾਂ ਨੂੰ ਦੱਸ ਸਕਦਾ ਹੈ; ਪਰ ਦੂਜੀਆਂ ਕੌਮਾਂ ਦੀ ਹਨ ਜਿਹਨਾਂ ਵਿੱਚ ਉਹ ਬੋਲ ਸਕਦਾ ਹੈ ਪਰ ਉੱਥੇ ਤਾਂ ਇਹ ਕੁਝ ਵੀ ਨਹੀਂ ਹੈ। ਪਰ ਕੈਥੋਲਿਕ ਦੀ ਰਾਜਗੱਦੀ ਰੋਮ ਵਿੱਚ ਬੋਲ ਸਕਦੀ ਹੈ। ਤੇ ਹਰੇਕ ਕੌਮ ਇਹਦੀ ਵੱਲ ਰੌਲਾ ਪਾਵੇਗੀ। ਇਹ ਠੀਕ ਹੈ। ਉੱਥੇ ਉਹ ਹੈ। ਹੁਣ ਅਸੀਂ ਵੇਖਾਂਗੇ ਕਿ ਉਹ ਕਿੱਥੇ ਹੈ। ਅਤੇ ਵੇਖਾਂਗੇ ਕਿ ਇਹ ਉਹ ਹੈ ਜਾਂ ਨਹੀਂ ਹੈ। ਵੇਖਾਂਗੇ ਕਿ ਉਹਦੀ ਤਸਵੀਰ ਇੱਥੇ ਠੀਕ ਖਿੱਚੀ ਗਈ ਹੈ। ਠੀਕ ਹੈ।

*...ਅਤੇ ਮੈਂ ਇੱਕ ਤੀਵੀਂ ਨੂੰ ਕਿਰਮਚੀ ਰੰਗ ਦੇ ਇੱਕ ਦਰਿੰਦੇ ਉੱਤੇ* (ਧਨਵਾਨ) *ਜਿਹੜਾ ਕੁਫ਼ਰ ਦੇ ਨਾਵਾਂ ਨਾਲ ਭਰਿਆ ਹੋਇਆ ਸੀ...*

195 ਝੂਠਾ ਬਪਤੀਸਮਾ; ਝੂਠੀ ਆਰਥਿਕਤਾ; ਤੇ ਲੋਕਾਂ ਨੂੰ ਅੰਨੇਵਾਹ ਲੈ ਜਾਂ ਰਹੀ ਹੈ। ਉਹਨਾਂ ਨੂੰ ਦੱਸਦੇ ਹਨ ਕਿ ਤੁਸੀਂ ਸਿਰਫ਼ ਗਿਰਜੇ ਆ ਸਕਦੇ ਹੋ, ਆਪਣੇ ਇਕਰਾਰ ਵਗੈਰਾ ਵਗੈਰਾ ਕਰੋ। "ਮਰੀਅਮ ਤੂੰ ਧੰਨ ਹੈ" ਦਾ ਰੱਟਾ ਲਾਓ, ਤਪੱਸਿਆ ਕਰੋ। ਅਨਜਾਨਪੁਣਾ! ਬਕਵਾਸ! ਮੈਨੂੰ ਸਮਝ ਨਹੀਂ ਆਉਂਦੀ ਕਿ ਕਿੰਝ ਲੋਕ, ਚੰਗੇ ਸੁਲਝੇ ਹੋਏ ਦਿਮਾਗ ਵਾਲੇ ਲੋਕ ਇਹਨਾਂ ਚੀਜਾਂ ਦਾ ਵਿਸ਼ਵਾਸ ਕਰ ਸਕਦੇ ਹਨ।

*...ਉਹਦੇ ਸੱਤ ਸਿਰ ਸਨ...*

196 ਫਿਰ ਹੋਈ ਨਾ ਉਹੀ ਗੱਲ, ਇਹ ਉਹੋ ਹੀ ਸ਼ੈਤਾਨ ਹੈ ਜੋ ਕਿ ਸਬਨੀ ਥਾਈਂ ਹੈ, ਲਾਲ ਅਜਗਰ, ਉਹ ਦਰਿੰਦਾ ਤਾਂ ਸਭ ਕੁਝ ਉਹਦੇ "ਸੱਤ ਸਿਰ ਸਨ; ਦੱਸ ਸਿੰਗ ਸਨ"।

197 "ਅਤੇ ਔਰਤ" ਉਹ ਇਸਤ੍ਰੀ ਜੋ ਕਿ ਹੁਣ ਕਲੀਸੀਆ ਹੈ। ਹੁਣ *ਦਰਿੰਦਾ* ਤਾਂ ਇੱਕ "ਸ਼ਕਤੀ" ਹੈ। ਜੋ ਕਿ ਉਸ ਰੋਮਨ ਕੈਥੋਲਿਕ ਚਰਚ ਦੇ ਕੋਲ ਸੀ। ਰੋਮਨ ਕੈਥੋਲਿਕ ਸ਼ਕਤੀ। ਪਰ ਇੱਥੇ ਤਾਂ ਹੁਣ ਕਲੀਸੀਆ ਬੋਲ ਰਹੀ ਹੈ।

*ਅਤੇ ਉਸ ਤੀਵੀਂ ਨੇ ਬੈਂਗਣੀ ਅਤੇ ਕਿਰਮਚੀ ਪੁਸ਼ਾਕ ਪਹਿਨੀ ਹੋਈ ਸੀ ਅਤੇ ਉਹ ਸੋਨੇ ਮੋਤੀਆਂ ਅਤੇ ਜਵਾਹਰਤਾਂ ਦੇ ਨਾਲ ਸ਼ਿੰਗਾਰੀ ਹੋਈ ਸੀ।*

*ਉਹਨੇ ਇੱਕ ਪਿਆਲਾ ਸੋਨੇ ਦਾ ਆਪਣੇ ਹੱਥ ਵਿੱਚ ਫੜ੍ਹਿਆ ਹੋਇਆ ਸੀ। ਜਿਹੜਾ ਘਿਨਾਉਣੀਆਂ ਵਸਤਾਂ ਅਤੇ ਉਹਦੀ ਹਰਾਮਕਾਰੀ ਦੀਆਂ ਭ੍ਰਿਸ਼ਟਤਾਈਆਂ ਨਾਲ ਭਰਿਆ ਹੋਇਆ ਸੀ:*

198 ਉੱਥੇ ਉਹ ਹੈ; ਅਤੇ ਕੋਈ ਕਲੀਸੀਆ ਤੁਸੀਂ ਜਾਣਦੇ ਹੋ। ਕੀ ਇਹ ਨਹੀਂ ਹੈ। ਉਹਨੇ ਉੱਥੇ ਹੋਣਾ ਹੈ। ਉੱਥੇ ਉਹਦੀ ਤਸਵੀਰ ਉਲੀਕੀ ਗਈ ਹੈ ਹੋਰ ਅਗਾਂਹ ਨੂੰ ਪੜੋ ਤਾਂ ਸਾਨੂੰ ਪਤਾ ਲੱਗ ਜਾਵੇਗਾ ਕਿ ਉਹ ਕੌਣ ਹੈ।

*ਅਤੇ ਉਹਦੇ ਮੱਥੇ ਤੇ ਇਹ ਭੇਤ ਵਾਲਾ ਨਾਉਂ ਲਿਖਿਆ ਹੋਇਆ ਸੀ* ***ਅਰਥਾਤ ਬਾਬੁਲ ਉਹ ਵੱਡੀ ਨਗਰੀ, ਕੰਜਰੀਆਂ ਅਤੇ ਧਰਤੀ ਦੀਆਂ ਘਿਨਾਉਣੀਆਂ ਵਸਤਾਂ ਦੀ ਮਾਂ।***

199 ਠੀਕ ਹੈ, ਪ੍ਰੋਟੈਸਟੈਂਟ ਇਹ ਉਹ ਥਾਂ ਹੈ ਜਿੱਥੇ ਤੁਹਾਡਾ ਵੀ ਸਾਹ ਸੁੱਕ ਜਾਂਦਾ ਹੈ। ਤੁਸੀਂ ਮੰਨੋਂਗੇ ਕਿ ਉਹ ਕੰਜਰੀਂ ਹੈ, ਪਰ ਉਹ ਤਾਂ "ਮਾਂ" ਸੀ। (ਕਿਹਦੇ ਪੁੱਤਰਾਂ ਦੀ?) **ਕੰਜਰੀਆਂ ਦੀ ਮਾਂ**। ਇਹ ਤਾਂ *ਇਸਤਰੀਆਂ* ਹੀ

ਹੋਣਗੀਆਂ। ਕੀ ਇਹ ਠੀਕ ਹੈ? [ਸਭਾ ਆਖਦੀ ਹੈ, "ਆਮੀਨ"—ਸਭਾ] ਉਹ ਤਾਂ *ਕਲਿਸਿਆਵਾਂ* ਹੋਣਗੀਆਂ। ਕੀ ਇਹ ਠੀਕ ਹੈ? ["ਆਮੀਨ"।] ਤਦ ਉਹ ਤਾਂ ਉਹਨਾਂ ਕਲਿਸਿਆਵਾਂ ਦੀ ਮਾਂ ਹੈ। ਕੀ ਉਹ ਨਹੀਂ ਹੈ? ["ਆਮੀਨ"।] ਮਾਰਟਿਨ ਲੂਥਰ ਕਿਥੋਂ ਆਇਆ? ਕੈਥੋਲਿਕ ਮੱਤ ਵਿੱਚੋਂ। ਇਹ ਸਭ ਕਿਥੋਂ ਪੈਦਾ ਹੋਈਆਂ? ਕੈਥੋਲਿਕ ਮੱਤ ਵਿੱਚੋਂ; ਉਹ ਆਪਣੀ ਉਹੀ ਤਾਲੀਮ ਲਿਆ ਰਹੀ ਹੈ, ਅਤੇ ਤੁਸੀਂ ਇਹਦੇ ਅੱਗੇ ਝੁਕਦੇ ਹੋ।

200 ਹੁਣ, ਜੈਫਰਸੰਵਿਲੇ ਵਿੱਚ ਸਭ ਤੋਂ ਗੰਦੀ ਔਰਤ ਇੱਕ ਚੰਗੀ ਸੱਚੀ, ਕੁਨਵਾਰੀ ਕੁੜੀ ਨੂੰ ਜਨਮ ਦੇ ਸਕਦੀ ਹੈ, ਇਹ ਠੀਕ ਹੈ, ਤੇ ਜੇ ਉਹ ਚਾਹੇ ਤਾਂ ਸਿੱਧੀ ਚੱਲ ਸਕਦੀ ਹੈ। ਸੋ ਏਦਾਂ ਹੀ ਲੂਥਰਨ ਕਲੀਸੀਆ, ਮੇਥੋਡਿਸਟ, ਬੇਪਟਿਸਟ ਅਤੇ ਪ੍ਰੇਸਬਾਇਟੇਰੀਅਨ ਅਤੇ ਵਗੈਰਾ ਵਗੈਰਾ ਨੇ ਕੀਤਾ ਹੈ। ਉਹ ਥੋੜ੍ਹੀ ਦੇਰ ਦੇ ਲਈ ਤਾਂ ਸਿੱਧੇ ਚਲੇ। ਜਦ ਉਹਨਾਂ ਦੇ ਬਾਨੀ ਉਹਨਾਂ ਨੂੰ ਉੱਥੇ ਇੰਜੀਲ ਦਾ ਪ੍ਰਚਾਰ ਕਰ ਰਹੇ ਸਨ। ਹੁਣ ਉਹ ਸਿਨੇਮਾ ਵੇਖਣ ਜਾਂਦੇ ਹਨ ਨਾਚ ਰੰਗ ਦੇ ਲਈ ਜਾਂਦੇ ਹਨ, ਟੈਲੀਵੀਜਨ ਵੇਖਦੇ ਹਨ, ਸਿਗਰਟਾਂ ਪੀਂਦੇ ਅਤੇ ਹੋਰ ਬਾਕੀ ਸਭ ਕੁਝ ਕਰਦੇ ਹਨ। (ਤੁਸੀਂ ਜਾਣਦੇ ਹੋ ਕਿ ਇਹ ਸੱਚਾਈ ਹੈ।) ਐਤਵਾਰ ਨੂੰ ਘਰ ਹੀ ਰਹਿੰਦੇ ਹਨ। ਇਹ ਕੀ ਹੈ? ਕਿਉਂਕਿ ਉਹ ਤੁਹਾਡੀ ਕੰਜਰੀਂ ਆਪਣੀ ਮਾਂ ਵਾਂਗ ਹੀ ਵਤੀਰਾ ਕਰ ਰਹੀ ਹੈ, ਇਹ ਬਿਲਕੁਲ ਠੀਕ ਹੈ। ਇਹ ਬਿਲਕੁਲ ਠੀਕ ਹੈ।

201 ਹੁਣ ਆਓ ਵੇਖੀਏ ਕਿ ਰੰਗ ਕਿੱਥੇ ਪਿਆ ਹੈ। ਬਾਈਬਲ ਨੇ ਆਖਿਆ ਹੈ ਕਿ ਉਹ "ਕੰਜਰੀਆਂ ਦੀ ਮਾਂ" ਹੈ। ਅਤੇ ਹਰੇਕ ਕੋਈ ਜਾਣਦਾ ਹੈ ਕਿ ਇਹ ਮੂਰਤੀਪੂਜਕ ਰੋਮ ਸੀ। ਜਾਂ ਫਿਰ ਪੋਪ ਵਾਲੇ ਰੋਮ ਦੀ ਸ਼੍ਰੀਮਤੀ ਸੀ ਇਹ ਕੈਥੋਲਿਕ ਚਰਚ। ਇੱਕ ਮਿੰਟ ਵਿੱਚ ਮੈਂ ਤੁਹਾਨੂੰ ਵਿਖਾਵਾਂਗਾ ਕਿ ਧਰਤੀ ਉੱਤੇ ਉਹਦਾ ਕਿਹੜਾ ਸਥਾਨ ਹੈ, ਬਿਲਕੁਲ ਠੀਕ ਕਿ ਉਹ ਕਿੱਥੇ ਬੈਠੀ ਹੋਵੇਗੀ। ਠੀਕ ਹੈ। ਉਹ ਕਿੱਥੇ ਹੈ, ਤੇ ਉਹ ਕੌਣ ਹੈ। ਬਾਈਬਲ ਨੇ ਇੰਝ ਹੀ ਆਖਿਆ ਹੈ। ਮੈਂ ਨਹੀਂ; ਪਰ ਬਾਈਬਲ ਨੇ! ਅਤੇ ਆਖਿਆ ਉਹਦੇ ਬਾਅਦ ਉਹਨੇ ਬਹੁਤ ਸਾਰੀਆਂ ਕਲਿਸਿਆਵਾਂ ਨੂੰ ਜਨਮ ਦਿੱਤਾ ਜੋ ਕਿ ਉਹਦੇ ਵਰਗੀਆਂ ਹੀ ਉਹਦੀਆਂ ਧੀਆਂ ਸਨ। ਹੁਣ ਠੀਕ ਹੈ, ਮੇਥੋਡਿਸਟ, ਬੇਪਟਿਸਟ, ਅਤੇ ਲੂਥਰਨ ਅਤੇ ਵਗੈਰਾ ਵਗੈਰਾ, ਤੁਸੀਂ ਸਮਝਦੇ ਹੋ ਕਿ ਤੁਸੀਂ ਕਿੱਥੇ ਆਉਂਦੇ ਹੋ "**ਕੰਜਰੀਆਂ ਦੀ ਮਾਂ**" ਵੱਲ। ਉਹ ਠੀਕ ਠਾਕ ਚਲੇ, ਪਰ ਜਦ ਰੋਸ਼ਨੀ ਚਮਕਣੀ ਸ਼ੁਰੂ ਹੋਈ…

202 ਇਹ ਤਾਂ ਗਰਮੀ ਦੇ ਮੌਸਮ ਵਿੱਚ ਕੀੜਿਆਂ ਵਾਂਗ ਹਨ। ਤੁਸੀਂ ਸੜਕ ਵਿੱਚ ਬੱਤੀ ਜਗਾ ਦਿਓ ਜਿੱਥੇ ਕਿ ਇਹ ਕੀੜਾ ਪੁਰਾਣੀ ਰੋਟੀ ਜਾਂ ਇਦਾਂ ਦੀ

ਕੋਈ ਹੋਰ ਚੀਜ ਵਿੱਚੋਂ ਪਾ ਰਿਹਾ ਹੈ। ਤੇ ਉਹਦੇ ਉੱਤੇ ਰੋਸ਼ਨੀ ਚਮਕਾਓ ਤੇ ਫਿਰ ਗੌਹ ਕਰੋ ਕਿ ਜਿੰਨੀ ਤੇਜ ਉਹ ਭੱਜ ਸਕਦੇ ਹਨ ਉਹ ਲੁਕਣ ਦੇ ਲਈ ਭਜਣਗੇ।

203 ਤੁਸੀਂ ਸੁਸਮਾਚਾਰ ਦਾ ਪ੍ਰਚਾਰ ਕਰੋ, ਜਾਂ ਫਿਰ ਪਵਿੱਤਰ ਆਤਮਾ ਦੇ ਬਪਤੀਸਮੇ ਦਾ, ਇਹਨਾਂ ਬਹੁਟ ਸਾਰਿਆਂ ਪੁਰਾਣੇ ਰਸਮੀ ਜਿਹੇ, ਭਗਤੀਹੀਣ ਕਲਿਸਿਆਵਾਂ ਨੂੰ; ਅਤੇ ਤਦ ਉਹਨਾਂ ਉੱਤੇ ਗੌਹ ਕਰੋ। "ਅਸੀਂ ਇਸ ਤਰ੍ਹਾਂ ਦੀ ਕਿਸੀ ਚੀਜ ਵਿੱਚ ਵਿਸ਼ਵਾਸ ਨਹੀਂ ਕਰਦੇ, ਮੈਂ ਇਹਦੇ ਵਿੱਚ ਵਿਸ਼ਵਾਸ ਨਹੀਂ ਕਰਦਾ..." ਕਿਉਂ? ਤੁਸੀਂ ਜਾਣਦੇ ਹੋ ਕਿ ਤੁਸੀਂ ਸ਼ੁਰੂ ਵਿੱਚ ਕੀ ਹੈ। ਠੀਕ ਹੈ। ਇਹ ਬਿਲਕੁਲ ਠੀਕ ਹੈ।

204 ਭਾਈ ਜੀ ਮੈਂ ਤੁਹਾਡੇ ਗਿਰਜੇ ਦੇ ਵਿਰੋਧ ਵਿੱਚ ਕੁਝ ਨਹੀਂ ਆਖ ਰਿਹਾ; ਭਾਈ ਜੀ, ਤੁਹਾਡੇ ਕੋਲ ਇਸ ਤਰ੍ਹਾਂ ਦੇ ਲੋਕ ਹਨ ਜੋ ਹੀਰੇ ਮੋਟੀ ਹਨ। ਮੈਂ ਕੈਥੋਲਿਕ ਲੋਕਾਂ ਨੂੰ ਉਦਾਂ ਹੀ ਪਿਆਰ ਕਰਦਾ ਹਾਂ, ਜਿਦਾਂ ਕਿ ਮੈਂ ਬ੍ਰਾਨਹਮ ਟੇਬਰਨੇਕਲ ਨੂੰ ਪਿਆਰ ਕਰਦਾ ਹਾਂ। ਇਹ ਤੁਸੀਂ ਨਹੀਂ ਹੋ, ਮਿੱਤਰੋ, ਜਿਹਦੇ ਉੱਤੇ ਮੈਂ ਚਿਲਾਉਣਾ ਚਾਹੁੰਦਾ ਹਾਂ। ਮੇਥੋਡਿਸਟ, ਬੇਪਟਿਸਟ ਅਤੇ ਬ੍ਰਾਨਹਮ ਟੇਬਰਨੇਕਲ ਇਹ ਤੁਸੀਂ ਨਹੀਂ ਹੋ। ਇਹ ਤੁਸੀਂ ਨਹੀਂ ਹੋ ਜਿਹਨਾਂ ਦੇ ਉੱਤੇ ਮੈਂ ਚਿੱਲਾ ਰਿਹਾ ਹਾਂ। ਇਹ ਤਾਂ ਉਹ ਪਾਪ ਹੈ ਜਿਹੜਾ ਤੁਸੀਂ ਸ਼ੈਤਾਨ ਨੂੰ ਆਪਣੇ ਉੱਤੇ ਪਾਉਣ ਦੇਂਦੇ ਹੋ! ਸਿਰਫ਼ ਇਸ ਕਰਕੇ ਤੁਸੀਂ ਚਰਚ ਜਾਂਦੇ ਹੋ, ਤੁਸੀਂ ਸੋਚਦੇ ਹੋ ਕਿ ਤੁਸੀਂ ਬਚਾਏ ਗਏ ਹੋ।

ਯਿਸੂ ਨੇ ਕਿਹਾ, "ਜਦ ਤਕ ਮਨੁੱਖ ਪਾਣੀ ਅਤੇ ਆਤਮਾ ਨਾਲ ਨਾ ਜਨਮ ਲਵੇ, ਉਹ ਕਿਸੇ ਵੀ ਤਰ੍ਹਾਂ ਰਾਜ ਵਿੱਚ ਦਾਖਲ ਨਹੀਂ ਹੋ ਸਕਦਾ"। ਅਤੇ ਜਦੋਂ ਤੁਸੀਂ ਪਵਿੱਤਰ ਆਤਮਾ ਦਾ ਬਪਤੀਸਮਾ ਪਾਉਂਦੇ ਹੋ, "ਇਹ ਨਿਸ਼ਾਨ ਉਹਨਾਂ ਦਾ ਪਿੱਛਾ ਕਰਨਗੇ ਜਿਹੜੇ ਨਿਹਚਾ ਕਰਦੇ ਹਨ"। ਇਹ ਤਾਂ ਸਿੱਧਾ ਮੋਢੇ ਤੇ ਹੈ, ਭਾਈ। ਜਾਂ ਤਾਂ ਇਹ ਮੋਢੇ ਤੇ ਹੈ ਹੀ ਨਹੀਂ, ਇਹ ਸਿੱਧਾ ਬਾਈਬਲ ਵਿੱਚੋਂ ਹੈ। ਯਿਸੂ ਨੇ ਕਦੇ ਨਹੀਂ ਆਖਿਆ, "ਹੋ ਸਕਦਾ ਹੈ ਕਿ ਇਹ ਨਿਸ਼ਾਨ ਕਿਸੇ ਦਾ ਪਿੱਛਾ ਕਰਨ"। ਉਹਨੇ ਕਿਹਾ, "ਉਹ ਉਹਨਾਂ ਦਾ ਪਿੱਛਾ ਕਰਨਗੇ"।

ਓਹ, ਉਹ ਆਖਦੇ ਹਨ, "ਹੁਣ ਮੈਂ ਨਿਹਚਾ ਕਰਦਾ ਹਾਂ ਕਿ ਉਹ ਤਾਂ ਰਸੂਲਾਂ ਦੇ ਲਈ ਸੀ। ਮੈਂ ਨਿਹਚਾ ਕਰਦਾ ਹਾਂ ਕਿ ਇਹ ਰਸੂਲਾਂ ਦੇ ਨਾਲ ਸਿਰਫ਼ ਇੱਕੋ ਹੀ ਵਾਰ ਹੋਇਆ, ਤੇ ਉਹ ਆਦਿ ਤੋਂ ਪਹਿਲਾਂ ਹੋਇਆ ਸੀ"।

205 ਕਲ ਰਾਤ ਅਸੀਂ ਇਹ ਪਾਠ ਲਿੱਤਾ ਸੀ, "ਉਹਦੇ ਹੱਥ ਵਿੱਚ ਸੱਤ ਸਿਤਾਰੇ ਸਨ," ਹਰੇਕ ਸਿਤਾਰਾ ਹਰੇਕ ਯੁੱਗ ਨੂੰ ਰੋਸ਼ਨੀ ਦੇ ਲਈ ਦਿੱਤਾ ਜਾਣਾ ਸੀ। ਠੀਕ ਹੈ। ਬਸ ਉਸ ਤਰ੍ਹਾਂ ਹੀ ਜਿਸ ਤਰ੍ਹਾਂ *ਉੱਥੇ* ਇੱਕ ਰਸੂਲ ਹੈ, ਇੱਕ ਰਸੂਲ

ਜਿਦਾਂ *ਉੱਥੇ* ਹੈ, ਇੱਕ ਰਸੂਲ *ਉੱਥੇ,* ਇੱਕ ਰਸੂਲ *ਉੱਥੇ*; "ਜੋ ਕਿ ਸੱਤ ਆਤਮੇ ਹਨ" ਸਾਡੇ ਪਾਠ ਦੇ ਸ਼ੁਰੂ ਵਿੱਚ, "ਪਰਮੇਸ਼ਵਰ ਦੇ ਸਾਹਮਣੇ ਖੜ੍ਹੇ ਹਨ, ਤੇ ਉਹ ਸੱਤ ਕਲਿਸਿਆਈ ਯੁਗਾਂ ਨੂੰ ਭੇਜੇ ਜਾਣੇ ਹਨ"।

206 ਔਹ, ਭਾਈ ਜੀ, ਤੁਸੀਂ ਕਿਸੇ ਮੇਥੋਡੀਸਟ ਜਾਂ ਬੇਪਟਿਸਟ ਦੀ ਥੋੜ੍ਹੀ ਬਹੁਟ ਸਿੱਖਿਆ ਦੇ ਨਾਲ ਚੱਲ ਫਿਰ ਸਕਦੇ ਹੋ ਤੇ ਇਹਦੇ ਨਾਲ ਕੰਮ ਚਲਾ ਸਕਦੇ ਹੋ; ਪਰ ਤੁਸੀਂ ਇਹਦੇ ਉੱਤੇ ਇੱਕ ਵਾਰੀ ਬਾਈਬਲ ਦੀ ਦ੍ਰਿਸ਼ਟੀ ਦੇ ਨਾਲ ਵੇਖੋ। ਇਹ ਠੀਕ ਹੈ। ਆਮੀਨ। ਮੈਂ ਇੱਕ ਕਿਸਮ ਦੇ ਨਾਲ ਧਾਰਮਿਕ ਮਹਿਸੂਸ ਕਰਦਾ ਹਾਂ। ਆਮੀਨ। ਹਾਂ ਸ਼੍ਰੀਮਾਨ ਜੀ। ਵੇਖੋ, ਧਿਆਨ ਦਿਓ। ਭਾਈ ਜੀ, ਇਹ ਹੋਈ ਨਾ ਗੱਲ। ਇਹ ਗੱਲ ਤਾਂ ਫੱਟੇ ਚੁੱਕ ਰਹੀ ਹੈ। ਪਰ ਕੋਈ ਵੀ ਵੱਟਣਾ ਚਾੜ ਦਿੱਤਾ ਜਾਵੇ। ਇਹਦੇ ਨਾਲ ਤੁਹਾਨੂੰ ਕੋਈ ਫਰਕ ਨਹੀਂ ਪੈਂਦਾ…

207 ਮਾਤਾ ਜੀ, ਜੋ ਕਿ ਪਿੱਛੇ ਬੈਠੀ ਹੋਈ ਹੈ, ਤੇ ਮੈਨੂੰ ਆਰੀਂਡ ਦਾ ਤੇਲ ਪਿਲਾਉਂਦੀ ਹੁੰਦੀ ਸੀ। ਅਸੀਂ ਛੋਟੇ ਛੋਟੇ ਬੱਚੇ ਹੁੰਦੇ ਸਾਂ, ਅਸੀਂ ਹਫ਼ਤੇ ਦੇ ਸਾਰੇ ਦਿਨ ਰੋਟੀ ਅਤੇ ਫਲੀਆਂ ਖਾਣਿਆਂ ਹੁੰਦੀਆਂ ਸਨ ਅਤੇ ਐਤਵਾਰ ਵੀ। ਕੁਝ ਵੀ ਹੋਵੇ, ਮੈਨੂੰ ਬਹੁਟ ਸਾਰੀ ਦਵਾਈ ਲੈਣੀ ਪੈਂਦੀ ਸੀ। ਸ਼ਨੀਵਾਰ ਦੀ ਰਾਤ ਨੂੰ ਉਹ ਹਮੇਸ਼ਾ ਹੀ ਮੈਨੂੰ ਅਰਿੰਡਲ ਦਾ ਤੇਲ ਪਿਆਉਂਦੀ ਸੀ। ਅਤੇ ਸ਼ਨੀਵਾਰ ਦੀ ਰਾਤ ਨੂੰ ਮੈਂ *ਇਦਾਂ* ਆਪਣਾ ਨੱਕ ਫੜ ਲੈਂਦਾ ਸੀ। ਮੈਂ ਸਿਰਫ਼ ਇਹ ਮਜਾਕ ਦੇ ਲਈ ਨਹੀਂ ਆਖ ਨਹੀਂ ਰਿਹਾ ਹਾਂ। ਮੈਂ ਆਪਣਾ ਨੱਕ ਫੜ ਲੈਂਦਾ ਤੇ ਆਖਦਾ, "ਮਾਤਾ ਜੀ, ਮੈਂ ਇਹਨੂੰ ਪੀ ਨਹੀਂ ਸਕਦਾ ਇਹ ਮੈਨੂੰ ਬਹੁਟ ਬਿਮਾਰ ਕਰ ਦਿੰਦਾ ਹੈ"।

ਉਹ ਆਖਦੀ ਸੀ, "ਜੇ ਇਹ ਤੈਨੂੰ ਬਿਮਾਰ ਨਾ ਕਰੇ ਤਾਂ ਇਹ ਤੇਰਾ ਫਾਇਦਾ ਵੀ ਨਹੀਂ ਕਰੇਗੀ"।

208 ਏਦਾਂ ਵੀ ਇਹ ਹੈ। [ਭਾਈ ਬ੍ਰਾਨਹਮ ਆਪਣੀ ਬਾਈਬਲ ਨੂੰ ਥਪਥਪਾਉਂਦੇ ਹਨ—ਸੰਪਾ] ਤੁਹਾਨੂੰ ਉਤੇਜਿਤ ਕਰਦੀ ਹੈ! ਇਹ ਤੁਹਾਡੀ ਪਾਚਨ ਸ਼ਕਤੀ ਕੋਲੋਂ ਠੀਕ ਕੰਮ ਕਰਵਾਉਂਦੀ ਹੈ, ਸੋ ਤੁਸੀਂ ਅਸਲ ਵਿੱਚ ਸਾਰੀ ਇੰਜੀਲ ਨੂੰ ਪਚਾ ਸਕਦੇ ਹੋ।

209 ਲੂਥਰਨ ਤਾਂ ਸਿਰਫ਼ ਧਰਮੀ ਠਹਿਰਾਉਣ ਵਾਲੀ ਸਿੱਖਿਆ ਦੇ ਨਾਲ ਆਇਆ ਹੈ। ਕਿਉਂ ਨਹੀਂ, ਉਹਨਾਂ ਨੇ ਤਾਂ…ਇਹਨੂੰ ਹੁਣ ਜਥੇਬੰਦ ਹੀ ਕਰ ਲਿਆ ਸੀ। "ਹਾਂ ਸ਼੍ਰੀਮਾਨ ਜੀ। ਅਸੀਂ ਕਲੀਸੀਆ ਹਾਂ!"

210 ਜੋਹਨ ਵੈਸਲੀ ਨੇ ਪਵਿੱਤਰਤਾਈ ਵੇਖੀ। ਉਹਨੇ ਕਿਹਾ, "ਮੈਂ ਵੇਖਦਾ ਹਾਂ ਕਿ ਇਹ ਵੱਖਰਾ ਹੈ"। ਅਤੇ ਉਹਨੇ ਕਿਹਾ, "ਇਹ ਠੀਕ ਹੈ, ਲੂਥਰ ਪਰ ਇਹ ਤਾਂ ਇਹ ਹੈ"। ਉਹ ਕੀ ਸੀ? ਲੂਥਰ ਆਪਣੇ ਯੁੱਗ ਦਾ ਸਿਤਾਰਾ ਸੀ। ਪਰ ਇੱਥੇ ਤਾਂ ਵੈਸਲੀ ਹੈ। ਠੀਕ ਹੈ।

211 ਅਤੇ, ਹੁਣ, ਤਦ ਸਾਰੇ ਲੂਥਰਨ ਵਾਪਸ ਅਲਮਾਰੇ ਵਿੱਚ ਵਾਪਿਸ ਚਲੇ ਗਏ, ਕਿਉਂਕਿ ਉਹ ਭੁੱਲ ਗਏ...ਹੁਣ ਸਾਰੇ ਦੇ ਸਾਰੇ ਤਾਂ ਨਹੀਂ...ਮੇਰਾ ਅਰਥ ਹੈ ਲੂਥਰਨ ਗਿਰਜਾ। ਲੂਥਰਨਾ ਦੇ ਅੰਦਰ ਅਜੇ ਵੀ ਚੰਗੇ ਆਦਮੀ ਹਨ, ਜੋ ਕਿ ਪਵਿੱਤਰ ਆਤਮਾ ਦੇ ਨਾਲ ਭਰੇ ਹੋਏ ਸਨ। ਇਹ ਠੀਕ ਹੈ। ਪਰ ਹੁਣ ਤਾਂ ਉਹ ਸਭ ਉਸ ਯੁੱਗ ਵਿੱਚ ਵਾਪਿਸ ਗਿਰਜੇ ਵੱਲ ਚਲੇ ਗਏ। ਠੀਕ ਹੈ।

ਹੁਣ ਵੈਸਲੀ ਇੱਥੇ ਆ ਗਿਆ। ਉਹਨਾਂ ਨੇ ਉਹਨਾਂ ਦੀ ਅਗੁਵਾਈ ਆਪਣੇ ਯੁਗਾਂ ਦੇ ਥਾਣੀ ਕੀਤੀ।

212 ਤਦ, ਪਹਿਲੀ ਗੱਲ ਤੁਸੀਂ ਜਾਣਦੇ ਹੋ, ਉਹਦੇ ਨਾ.ਲ...ਵੈਸਲੀ ਦੇ ਯੁੱਗ ਦੇ ਬਾਅਦ, ਪੈਂਤੀਕੁਸਤ ਦਾ ਯੁੱਗ ਆ ਗਿਆ। ਉਹਨਾਂ ਨੇ ਪਵਿੱਤਰ ਆਤਮਾ ਪਾਇਆ ਤੇ ਉਹ ਗੈਰਜੁਬਾਨਾਂ ਬੋਲਦੇ ਸਨ।

213 ਮੇਰੇ ਪ੍ਰਭੂ, ਮੇਥੋਡਿਸਟ, ਨੇਜਰੀਨ ਅਤੇ ਹੋਲੀਨੇਸ, ਆਖਦੇ ਸਨ, "ਔਹ, ਇਹ ਤਾਂ ਸ਼ੈਤਾਨ ਹੈ"। ਤੁਸੀਂ ਵੇਖਦੇ ਹੋ ਕਿ ਉਹਨਾਂ ਨੇ ਕੀ ਕੀਤਾ? ਉਹਨਾਂ ਨੇ ਪਵਿੱਤਰ ਆਤਮਾ ਦੇ ਵਿਰੁੱਧ ਝੂਠ ਬੋਲਿਆ। ਅਤੇ ਵੇਖੋ ਕਿ ਤੁਸੀਂ ਅੱਜ ਕਿੱਥੇ ਹੋ? ਤੁਸੀਂ ਵੀ ਬਿਲਕੁਲ ਠੀਕ ਉਦਾਂ ਹੀ ਕੀਤਾ। ਤੁਸੀਂ ਯਕੀਨਨ ਕੀਤਾ। ਤੁਸੀਂ ਰੋਸ਼ਨੀ ਵਿੱਚ ਚੱਲਣ ਦੇ ਲਈ ਨਿਸਫਲ ਹੋ ਗਏ।

214 ਅਤੇ ਹੁਣ ਤੁਸੀਂ ਪੈਂਤੀਕਾਸਤਲ ਇੰਨੇ ਸਿਲਗਰਮ ਹੋ ਗਏ ਹੋ। ਇਹ ਲਾਉਦੀਕੀਏ ਦੇ ਕਲੀਸੀਆ ਯੁੱਗ, ਪਰਮੇਸ਼ਵਰ ਤੁਹਾਨੂੰ ਆਪਣੇ ਮੂੰਹ ਵਿੱਚੋਂ ਉਗਲ ਰਿਹਾ ਹੈ। ਇਹ ਬਿਲਕੁਲ ਠੀਕ ਹੈ।

215 ਤੁਸੀਂ ਆਖਦੇ ਹੋ, "ਤੁਸੀਂ ਗੈਰਜੂਬਾਨਾਂ ਬੋਲਣ ਵਿੱਚ ਵਿਸ਼ਵਾਸ ਕਰਦੇ ਹੋ?" ਹਾਂ ਸ਼੍ਰੀਮਾਨ ਜੀ। ਕੀ ਤੁਸੀਂ ਕਦੇ ਗੈਰਜੂਬਾਨਾਂ ਬੋਲੀਆਂ ਹਨ? ਹਾਂ ਸ਼੍ਰੀਮਾਨਜੀ। ਮੈਂ ਇਹਦੇ ਲਈ ਪਰਮੇਸ਼ਵਰ ਦਾ ਧੰਨਵਾਦ ਕਰਦਾ ਹਾਂ। ਹਾਂ ਸ਼੍ਰੀਮਾਨ ਜੀ। ਮੈਂ ਮੈਂ ਕਈ ਵਾਰ ਗੈਰਜੂਬਾਨਾਂ ਬੋਲੀਆਂ ਹਨ। ਅਤੇ ਮੈਂ ਯਕੀਨ ਕਰਦਾ ਹਾਂ ਕਿ ਇਹ ਪਰਮੇਸ਼ਵਰ ਦੀ ਸਮਰੱਥ ਹੈ। ਹਾਂ ਜੀ। ਹੁਣ ਮੈਂ ਇਹ ਯਕੀਨ ਨਹੀਂ ਕਰਦਾ ਕਿ ਮੁਢਲਾ ਸਬੂਤ ਪਵਿੱਤਰ ਆਤਮਾ ਪਾਉਣ ਦਾ ਗੈਰਜੂਬਾਨਾ ਬੋਲਣਾ ਹੈ। ਪਰ ਮੈਂ ਯਕੀਨ ਕਰਦਾ ਹਾਂ ਕਿ ਪਰਮੇਸ਼ਵਰ ਦੀ ਸ਼ਕਤੀ ਹੈ ਜੋ ਕਿ ਤੁਹਾਡੇ ਤੋਂ ਗੈਰ ਜੁਬਾਨਾਂ ਬੁਲਵਾਉਂਦੀ ਹੈ। ਤੇ ਉਸ ਸਮਰੱਥ ਦੇ ਨਾਲ ਨਿਸ਼ਾਨੀਆਂ ਅਤੇ ਅਚੰਭੇ ਹੁੰਦੇ ਹਨ।

216 ਅਤੇ ਤਦ ਸ਼ੈਤਾਨ ਉੱਥੇ ਪੁਰਾਣਾ ਡਰਾਵਾ ਟੰਗ ਦਿੰਦਾ ਹੈ। ਕਿਸੇ ਨੇ ਮਜਾਕ ਕੀਤਾ ਅਤੇ ਇਸ ਤਰ੍ਹਾਂ ਦੀ ਵਤੀਰਾ ਕੀਤਾ ਜਿਵੇਂ ਉਹਨੇ ਪਵਿੱਤਰ ਆਤਮਾ ਪਾ ਲਿਆ ਹੈ। ਅਤੇ ਤੁਸੀਂ ਸਭ ਪਿਲਗਰਿਮ ਹੋਲੀਨੇਸ, ਹੋਲੀਨੇਸ ਅਤੇ ਨੇਜਰੀਨਜ

ਤੁਸੀਂ ਸਭਨਾਂ ਨੇ ਪਿਛਾਂਹ ਵੇਖਿਆ ਅਤੇ ਆਖਿਆ, "ਉਏ, ਹੋਏ ਮੈਨੂੰ ਉਹਦੇ ਵਿੱਚੋਂ ਕੁਝ ਵੀ ਨਹੀਂ ਚਾਹੀਦਾ। ਉਫ!"

217 ਔਹ ਖੁਦਾ! ਰਹਿਮ ਕਰ। ਜੇ ਤੁਸੀਂ ਪਵਿੱਤਰ ਆਤਮਾ ਪਾਇਆ ਹੁੰਦਾ ਜਾਂ ਪਰਮੇਸ਼ਵਰ ਦਾ ਹਿੱਸਾ ਤੁਹਾਡੇ ਤਹਿ ਦਿਲ ਵਿੱਚ ਹੁੰਦਾ ਜਿਦਾਂ ਕਿ ਤੁਸੀਂ ਹੋਣੇ ਚਾਹੀਦੇ ਸੀ। ਤੁਸੀਂ ਇਸ ਨੂੰ ਪਰਮੇਸ਼ਵਰ ਦੀ ਸ਼ਕਤੀ ਕਰਕੇ ਪਛਾਣ ਲਿਆ ਹੁੰਦਾ। ਕੀ ਯਿਸੂ ਨੇ ਨਹੀਂ ਕਿਹਾ, "ਜੇ ਤੁਸੀਂ ਮੂਸਾ ਨੂੰ ਜਾਣਦੇ ਹੁੰਦੇ ਤਾਂ ਤੁਸਾਂ ਮੈਨੂੰ ਵੀ ਜਾਣ ਲਿਆ ਹੁੰਦਾ?" ਯਕੀਨਨ। ਜੇ ਪਵਿੱਤਰ ਕਰਨਾ ਪਵਿੱਤਰ ਆਤਮਾ ਦਾ ਭਾਗ ਹੈ ਜਿਹਨੇ ਤੁਹਾਨੂੰ ਸ਼ੁੱਧ ਕਰਕੇ ਤੇ ਪਵਿੱਤਰ ਕੀਤਾ, ਜੇ ਤੁਹਾਡੇ ਕੋਲ ਇਹ ਹੈ ਤਾਂ ਤੁਸੀਂ ਬਾਕੀ ਦੇ ਨੂੰ ਵੀ ਪਛਾਣ ਲਓਗੇ ਜਦ ਉਹ ਆਵੇਗਾ।

218 *ਇਹ* ਹੱਥ *ਇਸ* ਹੱਥ ਨੂੰ ਪਛਾਣਦਾ ਹੈ। *ਇਹ* ਸਿਰ *ਇਸ* ਪੈਰ ਨੂੰ ਪਛਾਣਦਾ ਹੈ। ਇਹ ਤਾਂ ਸ਼ਰੀਰ ਦਾ ਭਾਗ ਹੈ।

219 ਅਤੇ ਬਾਈਬਲ ਨੇ ਆਖਿਆ ਹੈ ਕਿ ਨੌ ਆਤਮਿਕ ਦਾਤਾਂ ਹਨ; ਨਬੀ, ਸਿਖਾਉਣ ਵਾਲੇ, ਪ੍ਰਚਾਰਕ ਅਤੇ ਵਗੈਰਾ ਵਗੈਰਾ...ਆਦਿ...ਜੁਬਾਨਾਂ ਦਾ ਅਰਥ ਦੱਸਣਾ, ਗੈਰਜੁਬਾਨਾਂ ਬੋਲਣਾ, ਰੱਬੀ ਚੰਗਾਈ। ਇਹ ਤਾਂ ਇਸ ਦੀ ਹਰੇਕ ਚੀਜ ਨੂੰ ਪਛਾਣ ਲਵੇਗਾ।

220 ਔਹ, ਤੁਸੀਂ ਠੰਡੇ ਪੈ ਗਏ, "ਮੇਰਾ ਉਹਦਾ ਨਾਲ ਕੋਈ ਵਾਹ ਵਾਸਤਾ ਨਹੀਂ ਹੈ"। ਉਏ! ਅਸੀਂ ਇੱਥੇ ਤਾਂ ਗਰਮ ਹੋ ਰਹੇ ਹਾਂ। ਕੀ ਨਹੀਂ ਹੋ ਰਹੇ? ਇਹ ਸੱਚਾਈ ਹੈ। ਕਿਉਂ? ਕਿਉਂ? ਤੁਸੀਂ ਜਥੇਬੰਦੀ ਬਣਾ ਲਈ। ਤੁਹਾਡੇ ਗਿਰਜੇ ਨੇ ਇਦਾਂ ਹੀ ਆਖਿਆ ਹੈ। ਇਹੋ ਹੀ ਕਾਰਣ ਹੈ ਕਿ ਤੁਸੀਂ ਇਹ ਨਹੀਂ ਕਰ ਸਕੇ। [ਭਾਈ ਬ੍ਰਾਨਹਮ ਕਈ ਵਾਰ ਪੁਲਪਿਟ ਖੜਕਾਉਂਦੇ ਹਨ—ਸੰਪਾ]

221 ਪਰ ਤੁਹਾਡੇ ਵਿੱਚੋਂ ਬਹੁਤ ਸਾਰੇ ਮੇਥੋਡਿਸਟ ਬਾਹਰ ਆ ਗਏ ਤੇ ਉਹਨਾਂ ਨੇ ਪਵਿੱਤਰ ਆਤਮਾ ਪਾਇਆ। ਤੁਹਾਡੇ ਵਿੱਚੋਂ ਬਹੁਤ ਸਾਰੇ ਬੇਪਟਿਸਟ ਬਾਹਰ ਆਏ ਅਤੇ ਉਹਨਾਂ ਨੇ ਬਪਤੀਸਮਾ ਪਾਇਆ। ਹਾਂ ਸ਼੍ਰੀਮਾਨ ਜੀ। ਤੁਸੀਂ ਅਤੇ ਤੁਹਾਡੇ ਵਿੱਚੋਂ ਬਹੁਤ ਸਾਰੇ ਹੋਲੀਨੇਸ ਵਾਲੇ ਬਾਹਰ ਆ ਗਏ ਤੇ ਉਹਨਾਂ ਨੇ ਪਵਿੱਤਰ ਆਤਮਾ ਪਾਇਆ। ਹਾਂ ਜੀ। ਕਿਉਂ? ਤੁਸੀਂ ਇਹਦੀ ਪਰਵਾਹ ਨਹੀਂ ਕੀਤੀ ਕਿ ਤੁਹਾਡਾ ਗਿਰਜਾ ਕੀ ਆਖਦਾ ਹੈ? ਤੁਸੀਂ ਤਾਂ ਰੋਸ਼ਨੀ ਵਿੱਚ ਚਲੇ। ਆਮੀਨ। ਤੁਸੀਂ ਇਹਦੀ ਪਰਵਾਹ ਨਹੀਂ ਕੀਤੀ ਕਿ ਕੀ ਹੋਇਆ। ਤੁਸੀਂ ਜਾਣਦੇ ਸੀ ਕਿ ਇਹ ਪ੍ਰਭੂ ਦੀ ਵੱਲੋਂ ਹੈ। ਤੁਸੀਂ ਇਹਦੇ ਵਿੱਚ ਬਸ ਚਲੇ।

222 ਉਹ ਪੁਰਾਣੀ ਔਰਤ ਨੂੰ ਉੱਥੇ ਹੀ ਰਹਿਣ ਦਿਓ, ਉਹਨਾਂ ਦੀ ਪੁਰਾਣੀ ਮਾਂ ਨੂੰ। ਉਹ ਵੀ ਆਪਣੀ ਪਿਛਾਂਹ ਵਾਲੀ ਜੋ ਉੱਥੇ ਮਾਂ ਹੈ ਉਹਦੇ ਵਾਂਗ ਹੀ ਵਤੀਰਾ ਕਰ ਰਹੀ ਹੈ। ਇਹ ਕੰਜਰੀਂ ਉਹਨੇ ਵੀ ਜਥੇਬੰਦੀ ਬਣਾ ਲਈ।

223 ਪਰਮੇਸ਼ਵਰ ਦੀ ਵਡਿਆਈ ਹੋਵੇ! ਕੀ ਗੱਲ ਹੈ? ਪਰਮੇਸ਼ਵਰ ਸਾਬਤ ਕਰ ਰਿਹਾ ਹੈ ਕਿ ਉਹ ਇੱਕ ਜਥੇਬੰਦੀ ਵਿੱਚ ਨਹੀਂ ਹੈ। ਉਹ ਤਾਂ ਆਤਮਾ ਵਿੱਚ ਹੈ, ਪਵਿੱਤਰ ਆਤਮਾ, ਹਾਲੇਲੁਯਾਹ! ਹਾਲੇਲੁਯਾਹ! ਹਾਂ ਸ਼੍ਰੀਮਾਨ ਜੀ।

224 ਉਹਨੂੰ ਇਹਦੀ ਪਰਵਾਹ ਨਹੀਂ ਕਿ ਤੁਹਾਡੀ ਜਥੇਬੰਦੀ ਕੀ ਹੈ? ਇਹ ਤਾਂ ਬਕਵਾਸ ਹੈ। ਇਹਦਾ ਸੰਬੰਧ ਤਾਂ ਕੈਥੋਲਿਕ ਮੱਤ ਦੇ ਨਾਲ ਹੈ। ਤੇ ਇਹਦੇ ਵਿੱਚ ਇਹ ਵਾਪਿਸ ਜਾ ਚੁੱਕੀ ਹੈ। ਤੇ ਇਹਦੇ ਵਿੱਚ ਰਹੀ ਹੈ। ਅਤੇ ਤੁਹਾਡੇ ਉੱਤੇ ਉਹੋ ਹੀ ਦਾਗ ਲੱਗਦਾ ਹੈ। ਜੋ ਉਹ ਹੈ। ਕੀ ਫ਼ਰੀਸ਼ਤਿਆਂ ਨੇ ਨਹੀਂ ਕਿਹਾ, “ਮੇਰੇ ਲੋਕੋ ਉਹਨਾਂ ਵਿੱਚੋਂ ਬਾਹਰ ਆਓ? ਤੇ ਉਹਦੇ ਪਾਪਾਂ ਦੇ ਭਾਗਿ ਨਾ ਬਣੋ। ਤੇ ਮੈਂ ਤੁਹਾਨੂੰ ਸਵੀਕਾਰ ਕਰ ਲਵਾਂਗਾ?” “ਉਹਦੀ ਅਪਵਿੱਤਰ ਚੀਜ ਨੂੰ ਨਾ ਛੁਹੋ। ਅਤੇ ਮੈਂ ਤੁਹਾਨੂੰ ਕਬੂਲ ਕਰ ਲਵਾਂਗਾ,” ਪਵਿੱਤਰ ਆਤਮਾ ਬੋਲ ਰਿਹਾ ਹੈ।

225 “ਅਤੇ ਜਿਹੜਾ ਵੀ ਦਰਿੰਦੇ ਦਾ ਨਿਸ਼ਾਨ ਲਵਾਉਂਦਾ ਹੈ ਜਾਂ ਉਹਦੇ ਨਾਮ ਦਾ ਅੱਖਰ ਲੈਂਦਾ ਹੈ”। ਕਾਸ਼ ਕਿ ਸਾਡੇ ਕੋਲ ਇਹਦੇ ਅੰਦਰ ਜਾਣ ਦਾ ਸਮਾਂ ਹੁੰਦਾ; ਮੇਰਾ ਸਮਾਂ ਤਾਂ ਮੁੱਕ ਗਿਆ ਹੈ। ਉਹਦੇ ਨਾਮ ਦਾ ਅੱਖਰ ਕੀ ਹੈ? ਪ੍ਰੋਟੈਸਟੈਂਟਵਾਦ। “ਆਓ ਇਹਦੇ ਵਰਗੀ ਹੀ ਕੋਈ ਮੂਰਤੀ ਬਣਾਈਏ। ਆਓ ਇੱਕ ਜਥੇਬੰਦੀ ਬਣਾਈਏ। ਸਾਡਾ ਵੀ ਗਿਰਜਾ ਉਨਾਂ ਹੀ ਵੱਡਾ ਹੈ ਜਿਨ੍ਹਾਂ ਕੈਥੋਲਿਕ ਗਿਰਜਾ”। ਉਹਨਾਂ ਨੇ ਇਹ ਸਭ ਚੀਜਾਂ ਲੈ ਲਈਆਂ। ਉਹਨਾਂ ਦੇ ਕੋਲ ਵੱਡੇ ਗਿਰਜੇ ਹਨ ਤੇ ਸਾਡੇ ਕੋਲ ਵੀ ਹਨ। “ਸਾਡੇ ਗਿਰਜੇ ਵਿੱਚ ਉਨ੍ਹੇ ਹੀ ਉੱਚ ਸ਼੍ਰੇਣੀ ਦੇ ਲੋਕ ਆਉਂਦੇ ਹਨ, ਜਿੰਨੇ ਉਹਨਾਂ ਦੇ ਗਿਰਜੇ ਵਿੱਚ ਆਉਂਦੇ ਹਨ। ਆਓ ਦਰਿੰਦੇ ਦੇ ਲਈ ਇੱਕ ਮੂਰਤੀ ਬਣਾਈਏ”। ਅਤੇ ਬਾਈਬਲ ਨੇ ਕੀ ਆਖਿਆ ਹੈ, ਕਿ ਉਹ ਤਾਂ ਵੱਡੀ “ਕੰਜਰੀਂ” ਹੈ। ਤੇ ਦੂਜੀ ਜਥੇਬੰਦੀ ਦੇ ਰਾਹੀਂ “ਕੰਜਰੀਂ” ਹੈ।

226 ਪਰ ਜਿਉਂਦੇ ਪਰਮੇਸ਼ਵਰ ਦੀ ਕਲੀਸੀਆ ਤਾਂ ਆਜਾਦ ਹੈ। “ਉਹ ਜਿਹਨੂੰ ਪੁੱਤਰ ਨੇ ਆਜਾਦ ਕੀਤਾ ਹੈ ਉਹ ਸਭ ਵਿੱਚ ਆਜਾਦ ਹੈ”। ਇਹਦੇ ਵਿੱਚੋਂ ਬਾਹਰ ਆ ਜਾਓ! ਪਰਮੇਸ਼ਵਰ ਦੇ ਆਤਮਾ ਨਾਲ ਭਰ ਜਾਓ।

ਕੌਮਾਂ ਟੁੱਟ ਰਹੀਆਂ ਹਨ, ਇਸਰਾਏਲ ਜਾਗ ਰਿਹਾ ਹੈ,
ਚਿੰਨ੍ਹ ਜਿਹੜੇ ਬਾਈਬਲ ਨੇ ਪਹਿਲਾਂ ਦੱਸੇ ਹਨ;
ਗੈਰ ਕੌਮਾਂ ਦੇ ਦਿਨ ਗਿਣੇ ਹੋਏ ਹਨ, ਹੈਰਾਨੀਆਂ ਦੇ ਨਾਲ
  ਘਿਰੇ ਹੋਏ,
“ਹੇ ਖਿਲਰੇ ਹੋਏ, ਆਪਣਿਆਂ ਦੀ ਵੱਲ ਪਰਤ ਆ”।

ਨਿਸਤਾਰੇ ਦਾ ਦਿਨ ਨਿਕਟ ਹੈ।
ਡਰ ਦੇ ਨਾਲ ਮਨੁੱਖਾਂ ਦੇ ਦਿਲ ਡੁੱਬ ਰਹੇ ਹਨ,

ਪਰਮੇਸ਼ਵਰ ਦੇ ਆਤਮਾ ਦੇ ਨਾਲ ਭਰ ਜਾਓ, ਤੁਹਾਡੇ
ਦੀਵਿਆਂ ਦੀਆਂ ਬੱਤੀਆਂ ਸਾਫ ਕੀਤੀਆਂ ਹੋਈਆਂ,
ਹੈ ਗੁਲ ਝਾੜੇ ਹੋਏ,
ਉਤਾਂਹ ਵੇਖੋ, ਤੁਹਾਡਾ ਨਿਸਤਾਰਾ ਨੇੜੇ ਹੈ! ਆਮੀਨ।

227 ਕਿੰਝ ਇਹ ਗੱਲਾਂ ਵਾਪਰ ਰਹੀਆਂ ਹਨ! ਉਹਨੇ ਕਿਹਾ, ਅੰਤ ਦੇ ਦਿਨਾਂ ਵਿੱਚ ਹੈ "ਛੋਟੇ ਝੁੰਡ ਨਾ ਡਰ। ਇਹ ਤਾਂ ਤੇਰੇ ਪਿਤਾ ਦੀ ਮਰਜੀ ਹੈ ਕਿ ਤੈਨੂੰ ਰਾਜ ਦੇਵੇ," ਇਕੱਠੇ ਸੁਰਗੀ ਸਥਾਨਾਂ ਵਿੱਚ ਬੈਠੇ ਹੋਏ ਹਾਂ।

228 ਅਤੇ ਤੁਸੀਂ ਮੇਥੋਡਿਸਟ, ਬੇਪਟਿਸਟ, ਪ੍ਰੇਸਬਾਇਟੇਰੀਅਨ ਜਿਹਨਾਂ ਨੇ ਪੈਂਤੀਕੁਸਤ ਦੇ ਉੱਤੇ ਹੱਸਿਆ ਸੀ…

229 ਅਤੇ ਮੈਂ ਆਖਦਾ ਹਾਂ ਕਿ ਪੈਂਤੀਕੁਸਤ ਨੂੰ ਇੱਕ ਚੰਗੀ ਪੁਰਾਣੇ ਢੰਗ ਦੇ ਸੁਸਮਾਚਾਰ ਦੀ ਠੱਪੀ ਲੱਗਣੀ ਚਾਹੀਦੀ ਹੈ, ਕਿਉਂਕਿ ਉਹ ਜਥੇਬੰਦੀਆਂ ਬਣਾਉਂਦੇ ਹਨ। ਤੇ ਅਸੈਂਬਲੀ ਆਫ਼ ਗੋਡ ਸਭ ਤੋਂ ਵੱਡਾ ਪੈਂਤੀਕਾਸਤ ਬਣ ਗਿਆ ਹੈ। ਤੇ ਗਿਰਜਿਆਂ ਦੇ ਸੰਘ ਵਿੱਚ ਸ਼ਾਮਿਲ ਹੈ, ਇੱਕ ਰਸਮੀ ਅਤੇ ਵੱਖਰੀ ਜਿਹੀ। ਅਤੇ ਸਭ ਤੋਂ ਭੈੜਾ ਅਤੇ ਮਾੜਾ ਵਤੀਰਾ ਪਵਿੱਤਰ ਆਤਮਾ ਦੇ ਨਾਲ ਜੋ ਮੈਂ ਵੇਖਿਆ ਸੀ ਤੇ ਉਹ ਸੀ ਇੱਕ ਪੈਨਟੀਕੋਸਟਲ ਪ੍ਰਚਾਰਕ ਦਾ। ਸੋ ਇਹ ਨਾ ਸੋਚੋ ਕਿ ਤੁਸੀਂ ਪੈਂਤੀਕੁਸਤ ਗਿਰਜੇ ਦੇ ਹੋ ਇਸ ਲਈ ਬਚ ਜਾਓਗੇ।

230 ਤੁਸੀਂ ਤਾਂ ਸਿਰਫ਼ ਉਦੋਂ ਬਚਦੇ ਹੋ ਜਦ ਤੁਸੀਂ ਪਵਿੱਤਰ ਆਤਮਾ ਦੇ ਦੁਆਰਾ ਸੱਚ ਹੀ ਬਪਤੀਸਮਾ ਪਾਉਂਦੇ ਹੋ। ਪਵਿੱਤਰ ਆਤਮਾ ਦੇ ਦੁਆਰਾ ਤੇ ਉਹਦੇ ਜੀ ਉੱਠਣ ਦੀ ਸਮਰੱਥ ਵਿੱਚ, ਉਹਦੇ ਨਾਲ ਇਕੱਠੇ ਜੋੜੇ ਗਏ ਹੋ, ਅਤੇ ਨਿਸ਼ਾਨੀਆਂ ਅਤੇ ਅਚੰਭੇ ਉਸ ਆਤਮਾ ਦੇ ਨਾਲ ਹੁੰਦੇ ਹਨ ਜਿੱਥੇ ਵੀ ਉਹ ਜਾਂਦਾ ਹੈ। ਨਿਸ਼ਾਨੀਆਂ ਅਤੇ ਅਚੰਭੇ ਪ੍ਰਗਟ ਹੁੰਦੇ ਹਨ। ਨਬੀਆਂ ਦੇ ਨਾਲ ਨਿਸ਼ਾਨੀਆਂ ਹੁੰਦੀਆਂ ਹਨ। ਯਿਸੂ ਮਸੀਹ ਦੇ ਨਾਲ ਨਿਸ਼ਾਨੀਆਂ ਪ੍ਰਗਟ ਹੋਈਆਂ ਰਸੂਲਾਂ ਦੇ ਨਾਲ ਪ੍ਰਗਟ ਹੁੰਦੇ ਸਨ। ਉਹਨੇ ਕਿਹਾ, "ਜਦ ਤਕ ਕਿ ਉਹ ਵਾਪਿਸ ਨਹੀਂ ਆ ਜਾਂਦਾ ਇਹ ਨਿਸ਼ਾਨ ਉਹਨਾਂ ਦੇ ਵਿਚਕਾਰ ਹੋਣਗੇ"।

"ਭਾਈ ਬ੍ਰਾਨਹਮ, ਕੀ ਇਹ ਇਦਾਂ ਹੀ ਆਖਦਾ ਹੈ?"

231 "ਤੁਸੀਂ ਸਾਰੇ ਜਗਤ ਵਿੱਚ ਜਾਓ ਤੇ ਇਸ ਸਮਰੱਥ ਦਾ ਪ੍ਰਚਾਰ ਕਰੋ। ਤੇ ਹਰੇਕ ਕੌਮ ਦੇ ਸਾਹਮਣੇ ਇਸਨੂੰ ਵਿਖਾਓ"। ਅਤੇ ਅਜੇ ਵੀ ਇਹਦੇ ਵਿੱਚੋਂ ਦੋ ਬਟਾ ਤਿੰਨ ਹਿੱਸੇ ਨੂੰ ਅਜੇ ਵੀ ਇਹਨੂੰ ਨਹੀਂ ਸੁਣਿਆ ਹੈ। "ਅਤੇ ਉਹਨਾਂ ਦੇ ਵਿਚਾਲੇ ਇਹ ਨਿਸ਼ਾਨ ਹੋਣਗੇ"। "ਉਹਨਾਂ ਦੇ!" "ਹਰੇਕ ਕੌਮ!"

232 ਪਰਮੇਸ਼ਵਰ ਦੀ ਵਡਿਆਈ ਹੋਵੇ! ਉਏ! ਔਹ ਮੇਰੇ ਪਰਮੇਸ਼ਵਰ, ਹੋ ਸਕਦਾ ਹੈ ਕਿ ਤੁਸੀਂ ਸੋਚਦੇ ਹੋਵੋ ਕਿ ਮੈਂ ਦੀਵਾਨਾ ਹਾਂ। ਭਾਈ ਜੀ, ਮੈਂ ਤੁਹਾਨੂੰ ਦੱਸਦਾ

ਹਾਂ, ਮੈਂ ਇਸ ਪੁਰਾਣੇ ਚੰਗੇ ਢੰਗ ਦੇ ਧਰਮ ਨੂੰ ਪਸੰਦ ਕਰਦਾ ਹਾਂ। ਹਾਂ ਸ਼੍ਰੀਮਾਨ ਜੀ ਜੋ ਕਿ ਤੁਹਾਨੂੰ ਮਸੀਹ ਵਿੱਚ ਗੱਡ ਦਿੰਦਾ ਹੈ!

233 ਹੁਣ ਕੀ ਤੁਸੀਂ ਸਮਝਦੇ ਹੋ ਕਿ ਦਰਿੰਦੇ ਦਾ ਦਾਗ ਕੀ ਹੈ? ਇਹ ਤਾਂ ਧਰਮ ਦਾ ਤਿਆਗ ਦਾ ਦਾਗ ਹੈ। ਇਹ ਤਾਂ ਉਹ ਵਿਅਕਤੀ ਹੈ...ਜੋ ਕਿ ਸੋਚਦਾ ਹੈ... ਕਿ ਠੀਕ ਹੈ, "ਮੈਂ ਤਾਂ ਗਿਰਜੇ ਦੇ ਨਾਲ ਸੰਬੰਧ ਰੱਖਦਾ ਹਾਂ ਤੇ ਮੈਂ ਦੂਜੇ ਵਾਂਗ ਹੀ ਚੰਗਾ ਭਲਾ ਹਾਂ। ਕੀ ਮੈਂ ਇਸ ਗਿਰਜੇ ਦੇ ਨਾਲ ਸੰਬੰਧ ਨਹੀਂ ਰੱਖਦਾ?" ਅਤੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੀ ਗਿਰਜੇ ਵਾਲੀ ਜਥੇਬੰਦੀ ਜਿਹਦੇ ਉੱਤੇ ਤੁਸੀਂ ਨਿਰਭਰ ਹੋ। ਇਹ ਕਿਥੋਂ ਆਈ ਹੈ? ਕੀ ਤੁਸੀਂ ਮਹਿਸੂ ਕਰਦੇ ਹੋ?

234 ਬਾਈਬਲ ਨੇ ਆਖਿਆ ਹੈ, "ਉਹ ਜਿਹੜਾ ਦਰਿੰਦੇ ਦੀ ਪੂਜਾ ਕਰਦਾ ਹੈ, ਉਹਦਾ ਦਾਗ ਲਵਾਉਂਦਾ ਹੈ, ਜਾਂ ਉਹਦੇ ਨਾਮ ਦਾ ਅੱਖਰ", ਹੁਣ ਗੌਹ ਕਰੋ, "ਮੱਥੇ ਉੱਤੇ ਜਾਂ ਹੱਥ ਉੱਤੇ," ਤੇ ਉਹ ਹੈ *ਗਿਆਨ* ਜਾਂ *ਕੰਮ*। ਇਹਦਾ ਅਰਥ ਇਹ ਨਹੀਂ ਕਿ ਤੁਹਾਡੇ ਚੇਹਰੇ ਦੇ ਇਉਤੇ ਇੱਕ ਬਹੁਤ ਵੱਡਾ ਦਾਗ ਉੱਕਰਿਆ ਹੋਇਆ ਹੈ, ਇਹਨੇ ਇਹ ਨਹੀਂ ਹੋਣਾ ਹੈ। ਇਹ ਬਾਹਰਲੀ ਗੱਲਬਾਤ ਨਹੀਂ ਹੈ। ਇਹ ਤਾਂ ਆਤਮਕ ਗੱਲਬਾਤ ਹੈ।

235 ਅਤੇ ਉਹਦੇ ਉੱਤੇ ਗੌਹ ਕਰੋ, ਅਤੇ ਵੇਖੋ ਕਿ ਉਹ ਲਿਖਤਾਂ ਦੇ ਬਾਰੇ ਵਿੱਚ ਕੀ ਜਾਣਦਾ ਹੈ। ਉਹਦੀ ਸੁਣੋ ਅਤੇ ਵੇਖੋ ਕਿ ਇਹ ਕਿੱਥੇ ਜਾਂਦਾ ਹੈ? "ਜੇ ਕਿਸੇ ਵੀ ਆਦਮੀ ਦੇ ਕੋਲ ਇਹ ਤਾਲੀਮ ਨਹੀਂ ਹੈ, ਤਾਂ ਉਹਦੇ ਵਿੱਚ ਕੋਈ ਰੋਸ਼ਨੀ ਨਹੀਂ ਹੈ"। ਬਾਈਬਲ ਨੇ ਇੰਝ ਆਖਿਆ ਹੈ, ਸਮਝੇ? ਸਮਝੇ? ਗੌਹ ਕਰੋ, ਉਹ ਕਿੱਧਰ ਜਾਂਦਾ ਹੈ, ਗੌਹ ਕਰੋ ਕਿ ਉਹ ਕੀ ਕਰਦਾ ਹੈ।

236 ਉਹ ਆਖਦਾ ਹੈ, "ਠੀਕ ਹੈ ਮੇਰਾ ਸੰਬੰਧ ਤਾਂ ਹੈ। ਮੈਂ ਤਾਂ ਪ੍ਰੋਟੈਸਟੈਂਟ ਹਾਂ। ਹਾਂ ਸ਼੍ਰੀਮਾਨ ਜੀ। ਮੈਂ ਤਾਂ *ਇਸ* ਫਲਾਣੀ ਫਲਾਣੀ ਕਲੀਸੀਆ ਦੇ ਨਾਲ ਸੰਬੰਧ ਰੱਖਦਾ ਹਾਂ"। ਹਾਂ ਸ਼੍ਰੀਮਾਨ ਜੀ। ਅਤੇ ਐਤਵਾਰ ਨੂੰ ਤੁਸੀਂ ਇਹਦਾ ਬਹੁਤ ਹੀ ਆਦਰ ਕਰਦੇ ਹੋ ਕਿ ਤੁਸੀਂ ਮੀਂਹ ਵਰਦੇ ਵਿੱਚ ਵੀ ਗਿਰਜੇ ਆਉਂਦੇ ਹੋ। ਉਹ ਜਾਂਦਾ ਹੈ, ਬਜਾਏ ਪ੍ਰਾਰਥਨਾ ਸਭਾ ਵਿੱਚ ਜਾਣ ਦੇ। ਤੁਸੀਂ ਗਿਰਜੇ ਨੂੰ ਬੰਦ ਕਰਕੇ ਤੇ ਬੈਠ ਕੇ ਟੈਲੀਵੀਜਨ ਵੇਖੋਂਗੇ, ਤੇ ਜਾ ਕੇ ਤੇ ਸ਼ਰਾਬ ਪੀਂਦੇ ਹੋ। ਤੇ ਬਸ ਇਦਾਂ ਹੀ ਕਰਦਾ ਚੱਲਦਾ ਜਾਂਦਾ ਹੈ। ਤੇ ਬਾਕੀ ਦੇ ਸੰਸਾਰ ਵਾਂਗ ਹੀ ਵਤੀਰਾ ਕਰਦਾ ਹੈ। ਤੇ ਤਦ ਵੀ ਉਹ ਗਿਰਜੇ ਦੇ ਨਾਲ ਸੰਬੰਧ ਰੱਖਦਾ ਹੈ। ਯਾਦ ਰਹੇ ਇਹ ਤਾਂ ਪਾਪ ਦਾ ਦਾਗ ਹੈ।

237 ਹੁਣ ਥੋੜ੍ਹਾ ਜਿਹਾ ਹੋਰ ਅਗਾਂਹ ਪੜੀਏ ਜਲਦੀ ਦੇ ਨਾਲ, ਤੇ ਤਦ ਮੈਂ ਇਹਨੂੰ ਬੰਦ ਕਰ ਦਿਆਂਗਾ। ਅਸੀਂ ਆਪਣੇ ਸਮੇ ਤਾਂ ਅਗਾਂਹ ਲੰਘ ਗਏ ਹਾਂ। ਹੁਣ ਆਓ ਛੇਵੀਂ ਆਇਤ ਪੜ੍ਹੀਏ।

*ਹੁਣ ਮੈਂ ਇੱਕ ਇਸਤ੍ਰੀ ਨੂੰ (ਕਲੀਸੀਆ) ਵੇਖਿਆ ਜੋ ਕਿ ਸੰਤਾ ਦੇ ਖ਼ੂਨ ਦੇ ਨਾਲ ਮਸਤ ਸੀ।*

238 "ਸੰਤਾਂ ਦੇ ਲਹੂ ਦੇ ਨਾਲ ਮਸਤ ਸੀ"। ਤੁਸੀਂ ਜਾਣਦੇ ਹੋ, ਬਾਈਬਲ ਨੇ ਆਖਿਆ ਹੈ, ਕਿ ਜਦ ਉਹਦਾ ਨਾਸ਼ ਕੀਤਾ ਗਿਆ; ਹਰੇਕ ਮਰਨਹਾਰ ਜੋ ਕਿ ਇਸ ਧਰਤੀ ਦੇ ਉੱਤੇ ਮਰਿਆ, ਤੇ ਉਹ ਦੋਸ਼ ਕੈਥੋਲਿਕ ਕਲੀਸੀਆ ਵਿੱਚ ਪਾਇਆ ਗਿਆ। ਬਿਲਕੁੱਲ ਠੀਕ ਸ਼ੁਰੂ ਵਿੱਚ।

*...ਅਤੇ ਯਿਸੂ ਦੇ ਸ਼ਹੀਦਾਂ ਦੇ ਨਾਲ; ਅਤੇ...(ਹੁਣ ਯੂਹੰਨਾ ਬੋਲ ਰਿਹਾ ਹੈ)।। ਤੇ ਉਹਨੂੰ ਵੇਖ ਕੇ ਮੈਂ ਡਾਢਾ ਅਚਰਜ ਹੋ ਕੇ ਤੇ ਹੱਕਾ ਬੱਕਾ ਰਹਿ ਗਿਆ।*

239 ਯੂਹੰਨਾ ਨੇ ਆਖਿਆ! ਹੁਣ ਆਓ ਇੱਥੇ ਵੇਖੀਏ। ਯੂਹੰਨਾ ਨੇ ਆਖਿਆ, "ਮੈਂ ਉਹਦੀ ਵੱਲ ਵੇਖਿਆ; ਤੇ ਉਹ ਬਹੁਤ ਹੀ ਪਿਆਰੀ ਵੱਡੀ ਕਲਿਸੀਆ। ਤੇ ਉਹਦੇ ਵਿੱਚੋਂ ਕਈ ਕਲਿਸਿਆਵਾਂ ਨੇ ਜਨਮ ਲਿਆ ਸੀ। 'ਕੰਜਰੀਆਂ ਦੀ ਮਾਂ'। ਤੇ ਮੈਂ ਪਿਛਾਂਹ ਨਿਗਾਹ ਮਾਰੀ; ਕਿੰਝ ਉਹ ਤੀਵੀਂ...ਉਹ ਝੂਠੀ ਤਾਲੀਮ ਸਿੱਖਾਂ ਰਹੀ ਸੀ, ਸਭਨਾਂ ਰਾਜਿਆਂ ਅਤੇ ਮਹਾਨ ਆਦਮੀਆਂ ਨੂੰ ਉਹ ਇਹ ਮੈਂ ਪਿਆ ਕੇ ਮਸਤ ਕਰ ਰਹੀ ਸੀ। ਅਤੇ ਇੱਥੇ ਉਹਦੀਆਂ ਵੀ ਉਹੋ ਹੀ ਕੰਮ ਕਰ ਰਹੀਆਂ ਹਨ। ਪਰ ਮੈਂ ਉਹਦੇ ਉੱਤੇ ਨਿਗਾਹ ਮਾਰੀ ਉਹ ਤਾਂ ਬਹੁਤ ਹੀ ਸੋਹਣੀ ਸੀ!"

240 ਲਿਖਤਾਂ ਵਿੱਚ ਇੱਕ ਥਾਂ ਆਖਿਆ ਗਿਆ ਹੈ, "ਮੈਂ ਰਾਣੀ ਬਣ ਕੇ ਬੈਠੀ ਹੋਈ ਹਾਂ ਅਤੇ ਮੈਨੂੰ ਕਾਸੇ ਦੀ ਵੀ ਲੋੜ ਨਹੀਂ ਹੈ"। ਸਮਝੇ?

241 ਅਤੇ ਤਦ ਉਹ, ਯੂਹੰਨਾ ਨੇ ਆਖਿਆ, "ਮੈਂ ਉਹਦੀ ਸਰਾਹਨਾ ਕੀਤੀ। ਮੈਂ ਉਹਨੂੰ ਵੇਖ ਕੇ ਡਾਢਾ ਅਚਰਜ ਹੋਇਆ। ਮੈਂ ਉਹਦੀ ਪ੍ਰਸ਼ੰਸਾ ਕੀਤੀ"।

*ਅਤੇ ਦੂਤ ਨੇ ਮੈਨੂੰ ਆਖਿਆ ਭਈ ਤੂੰ ਹੱਕਾ ਬੱਕਾ ਕਾਹਨੂੰ ਹੋਇਆ ਹੈਂ? ਉਹ ਤੀਵੀਂ ਅਤੇ ਉਹ ਦਰਿੰਦਾ ਜਿਸ ਉੱਤੇ ਉਹ ਸਵਾਰ ਹੈ ਜਿਹਦੇ ਸੱਤ ਸਿਰ ਅਤੇ ਦੱਸ ਸਿੰਗ ਹਨ ਮੈਂ ਉਹਨਾਂ ਦਾ ਭੇਤ ਤੈਨੂੰ ਦੱਸਾਂਗਾ।*

242 ਹੁਣ ਆਓ ਵੇਖੀਏ ਕਿ ਕੀ ਅਸੀਂ ਠੀਕ ਹਾਂ? ਜੇ ਕੈਥੋਲਿਕ ਮੱਤ ਠੀਕ ਹੈ, ਤਾਂ ਤੁਸੀਂ ਜਾਣਦੇ ਹੋ ਕਿ ਪ੍ਰੋਟੈਸਟੈਂਟਵਾਦ ਇਹਦੀ ਪੈਰਵੀ ਕਰ ਰਿਹਾ ਹੈ। ਤੁਹਾਡੇ ਕੋਲ...ਇਹਨੂੰ ਜਾਨਣ ਦੀ ਬਹੁਤ ਸਮਝ ਹੈ। ਸਮਝੇ? ਗੌਹ ਕਰੋ।

*ਉਹ ਦਰਿੰਦਾ ਜਿਹੜਾ ਤੂੰ ਵੇਖਿਆ, ਉਹ ਹੈ ਅਤੇ ਉਹ ਹੈ ਨਹੀਂ।*

243 "ਦਰਿੰਦਾ"। ਹੁਣ ਗੌਹ ਕਰੋ। ਹੁਣ ਤੁਸੀਂ ਇੱਥੇ ਧਿਆਨ ਦਿਓਗੇ। ਇੱਥੇ ਆਖਿਆ ਗਿਆ ਹੈ, ਕਿ ਉੱਥੇ ਕਿੰਨੇ ਰਾਜੇ ਸਨ? ਕਿੰਝ ਡਿੱਗ ਪਏ? ਪਰ ਇੱਕ ਜਰੂਰ ਆਵੇਗਾ।

*...ਅਤੇ ਉਹਨੇ ਅਥਾਹ ਕੁੰਡ ਵਿੱਚੋਂ ਚੜ ਆਉਣਾ ਹੈ,...*

244 ਬਾਈਬਲ ਵਿੱਚੋਂ ਨਹੀਂ! ਤੇ ਅੰਧਵਿਸ਼ਵਾਸ ਦੇ ਖੱਬੇ ਦੇ ਵਿੱਚੋਂ ਜੋ ਉਹਨਾਂ ਨੇ ਬਣਾ ਲਿਆ ਸੀ। ਇਹਦੇ ਪਿੱਛੋਂ ਕੋਈ ਪਿਛੋਕੜ ਨਹੀਂ ਹੈ। ਤੁਹਾਨੂੰ ਇਹ "ਪਰਗੇਟਰੀ" ਕਿੱਥੇ ਲੱਭਦੀ ਹੈ? ਅਥਵਾ ਨਰਕ ਦੀ ਅੱਗ ਵਿੱਚੋਂ ਦੁਆ ਕਰਕੇ ਬਾਹਰ ਕੱਢਣਾ। "ਮਾਸ ਨਾ ਖਾਓ" ਅਤੇ "ਪਾਦਰੀ ਵਿਆਹ ਨਾ ਕਰੇ"। ਅਤੇ ਇਹ ਸਭ ਹੋਰ ਚੀਜਾਂ ਜੋ ਉਹ ਕਰਦੇ ਹਨ, ਇਕਰਾਰ ਆਦਿ? ਇਹ ਤੁਹਾਨੂੰ ਕਿੱਥੇ ਮਿਲਦੇ ਹਨ? ਇਹਨਾਂ ਨੂੰ ਲੱਭਣ ਦੇ ਲਈ ਕੋਈ ਥਾਂ ਨਹੀਂ ਹੈ। ਇਹ ਤਾਂ ਨਰਕ ਵਿੱਚੋਂ ਆਉਂਦੀਆਂ ਹਨ। ਬਾਈਬਲ ਨੇ ਇੰਝ ਹੀ ਆਖਿਆ ਹੈ। ਇਹ ਉਤਾਂਹ ਚੜ ਆਇਆ, ਦਰਿੰਦਾ ਮੁਕਤੀ, ਜੋ ਉਹਦੀ ਤਾਲੀਮ ਸੀ। ਤੇ "ਉਹ ਅਥਾਹ ਕੁੰਡ ਵਿੱਚੋਂ ਬਾਹਰ ਚੜ ਆਇਆ"।

*...ਨਸ਼ਟ ਹੋ ਜਾਣਾ ਹੈ...*

245 "ਨਾਸ਼" ਕਿੱਥੇ ਹੈ? ਨਰਕ। ਠੀਕ ਸਿੱਧਾ ਉੱਥੇ ਹੀ ਜਾਂਦਾ ਹੈ, ਜਿੱਥੋਂ ਕਿ ਇਹ ਆਇਆ ਸੀ।

*...ਅਤੇ ਧਰਤੀ ਦੇ ਵਾਸੀ ਜਿਨ੍ਹਾਂ ਦਾ ਨਾਉ ਜਗਤ ਦੇ ਮੁੱਢੋਂ ਜੀਵਨ ਦੀ ਪੋਥੀ ਵਿੱਚ ਨਹੀਂ ਲਿਖਿਆ ਗਿਆ ਉਸ ਦਰਿੰਦੇ ਨੂੰ ਵੇਖ ਕੇ ਭਈ ਉਹ ਹੈ ਅਤੇ ਨਹੀਂ ਹੈ, ਅਤੇ ਫਿਰ ਆਉਂਦਾ ਹੈ ਅਚਰਜ ਹੋ ਜਾਣਗੇ।*

246 ਹੁਣ ਪ੍ਰੋਟੈਸਟੈਂਟ ਕਲਿਸਿਆਵਾਂ ਆਖਦੀਆਂ ਹਨ, "ਠੀਕ ਹੈ ਇਹ ਕਿੰਝ ਹੋ ਸਕਦਾ ਹੈ। ਕਿ ਜਦ ਕਿ ਉਹ ਆਖਦੇ ਹਨ ਕਿ ਮੈਂ ਯਿਸੂ ਮਸੀਹ ਵਿੱਚ ਨਿਹਚਾ ਕਰਦਾ ਹਾਂ। ਉਹ ਮੇਰਾ ਨਿੱਜੀ ਮੁਕਤੀਦਾਤਾ ਹੈ?" ਭਾਈ ਜੀ, ਸ਼ੈਤਾਨ ਵੀ, ਇਹ ਵਿਸ਼ਵਾਸ ਕਰਦਾ ਹੈ।

247 ਇਹ ਤਾਂ ਪੁਨਰਜਨਮ ਹੋਣਾ ਹੈ, ਇੱਕ ਨਵਾਂ ਜਨਮ ਨਵੇਂ ਸਿਰਿਓ ਜਨਮ ਲੈਣਾ, ਤੇ ਜਦ ਤੁਹਾਡਾ ਨਵਾਂ ਜਨਮ ਹੋ ਜਾਂਦਾ ਹੈ, ਤੁਹਾਡਾ ਨਾਉ ਲੇਲੇ ਦੇ ਜੀਵਨ ਦੀ ਪੁਸਤਕ ਵਿੱਚ ਲਿਖਿਆ ਜਾਂਦਾ ਹੈ।

248 ਤੁਸੀਂ ਆਖਦੇ ਹੋ, "ਮੈਂ ਅਕਸਰ ਹੈਰਾਨ ਹੁੰਦਾ ਹਾਂ। ਠੀਕ ਹੈ, ਭਾਈ, ਕਿ ਮੈਂ ਦੂਜਿਆਂ ਵਾਂਗ ਵੀ ਇੱਕ ਚੰਗਾ ਆਦਮੀ ਨਹੀਂ ਹਾਂ? ਕੀ ਮੈਂ ਤੁਹਾਡੇ ਦੀਵਾਨਿਆਂ ਵਾਂਗ ਹੀ ਚੰਗਾ ਆਦਮੀ ਨਹੀਂ ਹਾਂ? ਮੈਂ ਉਨ੍ਹਾਂ ਹੀ ਚਤੁਰ ਹਾਂ। ਮੇਰੇ ਕੋਲ ਉਹ ਹਨ...ਮੇਰੇ ਕੋਲ ਡਿਗਰੀਆਂ ਹਨ। ਮੈਂ ਕਾਲਜ ਵਿੱਚੋਂ ਬਾਹਰ ਨਿਕਲ

ਕੇ ਆਇਆ ਹਾਂ। ਮੈਂ ਇੱਕ ਚੰਗੇ ਪਰਿਵਾਰ ਤੋਂ ਹਾਂ। ਮੇਰੇ ਲੋਕ ਗਿਰਜੇ ਦੇ ਮੈਂਬਰ ਹਨ, ਮੇਰੇ ਤੋਂ ਪਹਿਲਾਂ। ਕੀ ਮੈਂ ਤੁਹਾਡੇ ਵਾਂਗ ਚੰਗਾ ਆਦਮੀ ਨਹੀਂ ਹਾਂ?"

249 ਇਹਨੇ ਆਖਿਆ ਹੈ, "ਸਾਰਾ ਸੰਸਾਰ", ਪ੍ਰੋਟੈਸਟੈਂਟ ਤੇ ਸਾਰਾ ਹੀ, ਸਿਰਫ਼ "ਉਹਨਾਂ ਨੂੰ ਛੱਡ ਕੇ" ਜਿਹਨਾਂ ਦੇ ਨਾਮ ਜਿਉਂਣ ਦੀ ਪੁਸਤਕ ਵਿੱਚ ਲਿਖੇ ਹੋਏ ਹਨ ਹੱਕਾ ਬੱਕਾ ਹੋ ਗਿਆ।

250 ਕਿਉਂ ਨਾਮ ਲਿਖੇ ਗਏ ਸਨ? ਉਹ ਅਬਰਾਹਾਮ ਦੀ ਸਨਤਾਂ ਸੀ, "ਅਤੇ ਵਾਇਦੇ ਦੇ ਅਨੁਸਾਰ ਉਹ ਵਾਰਸ ਹਨ। ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਚੁਣੇ ਗਏ ਹਨ"। ਇਹੋ ਹੀ ਕਾਰਣ ਹੈ ਕਿ ਉਹ ਹੱਕੇ ਬਕੇ ਨਹੀਂ ਹਨ। ਧਿਆਨ ਦਿਓ ਹੁਣ ਗੌਹ ਕਰੋ ਕਿ ਉਹਨੇ ਕੀ ਕਿਹਾ? ਇਹਨਾਂ ਨੂੰ ਜਿਊਣ ਦੀ ਪੁਸਤਕ ਵਿੱਚ ਵੇਖੋ।

*ਅਤੇ ਇੱਥੇ ਉਹ ਮਨ ਹੈ ਜਿਹਦੇ ਕੋਲ ਬੁੱਧੀ ਹੈ।*

251 ਹੁਣ ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ। ਕੀ ਬੁੱਧੀ ਪਵਿੱਤਰ ਆਤਮਾ ਦਾ ਇੱਕ ਵਰਦਾਨ ਹੈ? [ਸਭਾ ਆਖਦੀ ਹੈ, "ਆਮੀਨ"—ਸੰਪਾ] ਕੀ ਇਹ ਠੀਕ ਹੈ? ਕਿੰਨੇ ਜਣੇ ਇਹ ਨਿਹਚਾ ਕਰਦੇ ਹਨ ਕਿ ਬਾਈਬਲ ਕੁਰੰਥੀਆਂ ਉਹਦੇ 12ਵੇ ਅਧਿਆਏ ਵਿੱਚ ਸਿਖਾਉਂਦੀ ਹੈ, ਕਲੀਸੀਆ ਵਿੱਚ ਪਾਏ ਜਾਣ ਵਾਲੇ ਸਭ ਵਰਦਾਨ, ਉਹ ਬੁੱਧੀ ਹਨ, ਆਓ ਵੇਖੀਏ, ਵਰਦਾਨਾਂ ਵਿੱਚੋਂ ਕੋਈ? ["ਆਮੀਨ"] ਠੀਕ ਹੈ, ਤਾਂ ਤੁਸੀਂ ਕਿਵੇਂ ਆਖ ਸਕਦੇ ਹੋ ਕਿ ਗੈਰਜ਼ੂਬਾਨਾਂ ਬੋਲਣ ਵਰਗੀ ਕੋਈ ਚੀਜ ਨਹੀਂ ਹੈ? ਤੁਸੀਂ ਕਿਵੇਂ ਆਖ ਸਕਦੇ ਹੋ ਕਿ ਭਾਖਿਆ ਦਾ ਤੁਰਜਮਾ ਨਹੀਂ ਹੈ? ਤੁਸੀਂ ਕਿਵੇਂ ਆਖ ਸਕਦੇ ਹੋ ਕਿ ਰੱਬੀ ਚੰਗਾਈ ਨਹੀਂ ਹੈ? ਉਹੋ ਹੀ ਦੇਹ...ਜੇ ਮੈਂ ਦੇਹ ਆ ਤਾਂ *ਇਸ* ਪਾਸੇ ਮੇਰਾ ਹੱਥ ਹੈ, *ਦੂਜੇ* ਪਾਸੇ ਵੱਲ ਮੇਰਾ ਦੂਜਾ ਹੱਥ ਹੈ ਤੇ *ਇਸ* ਪਾਸੇ ਪੈਰ ਵੀ; ਤੁਸੀਂ ਕਿਵੇ ਆਖ ਸਕਦੇ ਹੋ ਕਿ ਹੱਥ ਤਾਂ ਹੈ ਪਰ ਪੈਰ ਨਹੀਂ ਹੈ? ਕੀ ਤੁਸੀਂ ਨਹੀਂ ਸੁਣਿਆ ਕਿ ਪੋਲੂਸ ਨੇ ਕੀ ਆਖਿਆ ਸੀ?

252 ਹੁਣ ਵੇਖੋ, ਉਹ ਆਖਰੀ ਦਿਨਾਂ ਵਿੱਚ ਸਿੱਧਾ ਦੇਹ ਨਾਲ ਬੋਲ ਰਿਹਾ ਹੈ। ਤੇ ਆਖਿਆ, "ਬੁਧਵਾਨ ਦੇ ਲਈ ਇਹ ਮੌਕਾ ਹੈ"। ਔਹ, ਮੈਂ ਇਹ ਪਸੰਦ ਕਰਦਾ ਹਾਂ। ਔਹ, ਮੇਰੇ ਪ੍ਰਭੂ! ਇਹ ਹੈ ਜੋ ਕਿ ਤੁਹਾਨੂੰ ਹਿਲਾ ਦੇਵੇਗਾ। ਇਹਨੂੰ ਸੁਣੋ, ਠੀਕ ਹੈ। "ਸਮਝਦਾਰ ਬੁੱਧ ਦਾ ਮੌਕਾ ਇੱਥੇ ਹੈ"। ਜੇ ਉਹ ਪਵਿੱਤਰ ਆਤਮਾ ਦੇ ਦਾਨ ਸਭ ਯੁੱਗ ਵਿੱਚ ਹੀ ਆਏ, ਕਿਉਂ ਉਹਨੇ ਇਸ ਗੱਲ ਦੇ ਬਾਰੇ ਵਿੱਚ ਆਖਰੀ ਦਿਨਾਂ ਦਾ ਹਵਾਲਾ ਦਿੱਤਾ? ਤਾਂ ਉਹਨੇ ਇਹਨੂੰ ਆਖਰੀ ਦਿਨਾਂ ਦੀ ਵੱਲ ਇਸ਼ਾਰਾ ਕਿਉਂ ਦਿੱਤਾ? "ਸਮਝਦਾਰ ਬੁੱਧ ਦਾ ਮੌਕਾ ਇੱਥੇ ਹੈ"।

*...ਇਹ ਸੱਤ ਸਿਰ ਸੱਤ ਟਿੱਲੇ ਹਨ ਜਿੱਥੇ ਤੀਵੀਂ ਉਹਨਾਂ ਉੱਤੇ ਬੈਠੀ ਹੋਈ ਹੈ।*

253 ਕਿੰਨੇ ਟਿੱਲੇ ਹਨ? ਸੰਸਾਰ ਵਿੱਚ ਕਿੰਨੇ ਸ਼ਹਿਰ ਹਨ? ਭਾਵੇਂ ਉਹ ਕਲੀਸੀਆ ਸੱਤ ਟਿੱਲਿਆਂ ਦੇ ਉੱਤੇ ਬੈਠੀ ਹੋਈ ਹੈ। ਸਿਰਫ਼ ਇੱਕੋ ਹੀ। ਉਹ ਕਿੱਥੇ ਹੈ? ਰੋਮ ਵਿੱਚ ਵੇਟਿਕਨ ਸ਼ਹਿਰ ਹੈ। ਇਹ ਠੀਕ ਹੈ? [ਸਭਾ ਆਖਦੀ ਹੈ, "ਆਮੀਨ"—ਸੰਪਾ] ਬਾਈਬਲ ਨੇ ਆਖਿਆ ਹੈ ਕਿ ਇਹ ਇੱਕ ਭਿਆਨਕ ਵੱਡੀ ਕੰਜਰੀਂ ਜਿਹਨੇ ਸਾਰੇ ਸੰਸਾਰ ਕੋਲੋਂ ਹਰਾਮਕਾਰੀਆਂ ਕਰਵਾਈਆਂ ਤੇ ਕੁਝ ਛੋਟੀਆਂ ਧੀਆਂ ਵੀ ਪੈਦਾ ਕੀਤੀਆਂ ਤਾਂ ਕਿ ਉਹਨਾਂ ਨੂੰ ਵੀ ਉਹੋ ਹੀ ਸਿਖਾਵੇ ਜੋ ਉਹ ਆਪ ਕਰਦੀ ਹੈ। ਉਹ ਧੀਆਂ ਉਹਦੇ ਵਾਂਗ ਇੰਨੀਆਂ ਬੁਰੀਆਂ ਨਹੀਂ ਸਨ, ਪਰ ਉਹ ਤਾਂ ਕੰਜਰੀਆਂ ਸਨ। ਉਹਨਾਂ ਨੂੰ ਉਹੋ ਹੀ ਚੀਜ ਸਿਖਾਈ ਕਿ "ਇਹਦੇ ਸ਼ੁਰੂ ਵਿੱਚ ਇੱਕ ਔਰਤ ਹੀ ਹੋਵੇਗੀ" ਇੱਕ ਕਲੀਸੀਆ ਰੋਮ ਵਿੱਚ "ਸੱਤਾਂ ਟਿੱਲਿਆਂ" ਦੇ ਉੱਤੇ ਬੈਠੀ ਹੋਈ। ਮੈਂ ਸੰਸਾਰ ਭਰ ਵਿੱਚ ਸਭਨੀ ਥਾਈ ਵੇਖਿਆ ਹੈ; ਮੈਨੂੰ ਦੱਸੋ ਕਿ ਇਹ ਕਿੱਥੇ ਹੈ ਜਿੱਥੇ ਕਿ "ਕਲੀਸੀਆ ਸੱਤ ਟਿੱਲਿਆਂ ਦੇ ਉੱਤੇ ਬੈਠੀ ਹੋਈ" ਹੈ। ਹੁਣ ਮੈਂ ਇਹਨੂੰ ਬਾਈਬਲ ਵਿੱਚੋਂ ਪੜ੍ਹ ਰਿਹਾ ਹਾਂ।

*ਅਤੇ ਉਹ ਸੱਤ ਰਾਜੇ ਹਨ: ਪਰ ਪੰਜ ਤਾਂ ਡਿੱਗ ਪਏ ਹਨ...*

254 ਜੇ ਇਤਿਹਾਸ ਨੂੰ ਲਈਏ, ਤੇ ਠੀਕ ਵਾਪਿਸ ਜਾ ਕੇ ਤੇ ਇਹਨੂੰ ਵਿਖਾਈਏ, ਕਿੱਥੇ ਇਹ ਰਾਜੇ ਡਿੱਗੇ, ਰੋਮ ਵਿੱਚ, ਬਾਬੁਲ ਦੀ ਬਾਦਸ਼ਾਹੀ ਤੋਂ ਲੈ ਕੇ।

*...ਇੱਕ ਤਾਂ (ਨਿਰੋ) ਹੈ, ਇੱਕ ਨੇ ਆਉਣਾ ਹੈ; ਤਾਂ ਜੇ ਉਹ ਆਵੇਗਾ ਤਾਂ ਉਹਦਾ ਥੋੜ੍ਹਾ ਚਿਰ ਰਹਿਣਾ ਜਰੂਰੀ ਹੈ। (ਛੇ ਮਹੀਨੇ ਤਕ)...*

255 "ਅਤੇ ਦਰਿੰਦਾ..." ਔਹ! ਇਹਦੀ ਵੱਲ ਵੇਖੋ। ਇਹ ਸ਼ਕਤੀ ਹੁਣ ਮੂਰਤੀਪੂਜਕ ਸਥਾਨ ਨੂੰ ਲੈ ਲਵੇਗੀ।

*ਅਤੇ ਉਹ ਦਰਿੰਦਾ ਜਿਹੜਾ ਹੈ ਸੀ ਅਤੇ ਨਹੀਂ ਹੈ ਸੋ ਆਪ ਵੀ ਅੱਠਵਾਂ ਹੈ* (ਹੁਣ ਗੌਹ ਕਰੋ), *ਨਾਲੇ ਉਹਨਾਂ ਸੱਤਾਂ ਵਿੱਚੋਂ ਹੈ...*

256 ਤੁਸੀਂ ਸਭ ਜਾਣਦੇ ਹੀ ਹੋ ਕਿੰਨਾ ਉਹ ਖਤਰਨਾਕ ਰਾਜਾ ਸੀ। ਉਹਨੇ ਆਪਣੀ ਮਾਂ ਨੂੰ ਇੱਕ ਘੋੜੇ ਦੇ ਇੱਕ ਰੁੱਖ ਨਾਲ ਬੰਨ੍ਹ ਦਿੱਤਾ, ਉਹਨੂੰ ਉਹ ਘੋੜਾ ਗਲੀਆਂ ਵਿੱਚ ਘਸੀਟਦਾ ਰਿਹਾ ਤੇ ਸ਼ਹਿਰ ਨੂੰ ਅੱਗ ਲਾ ਦਿੱਤੀ ਅਤੇ ਆਪ ਪਹਾੜ ਤੇ ਚੜ੍ਹ ਕੇ ਬਹਿ ਗਿਆ। ਇਹ ਵੀ ਅੱਜ ਉਸ ਕਿਸਮ ਦਾ ਹੀ ਆਤਮਾ ਹੈ ਜੋ ਕਿ ਕਲੀਸੀਆ ਦੇ ਉੱਤੇ ਹਾਵੀ ਹੋ ਰਿਹਾ ਹੈ ਜਿਹੜੀ ਕਿ ਮੂਰਤੀਪੂਜਕਾਂ ਦੇ ਸਥਾਨ ਤੇ ਬੈਠੀ ਹੋਈ ਹੈ। "ਅੱਠਵਾਂ ਨਾਲੇ ਉਹਨਾਂ ਸੱਤਾਂ ਵਿੱਚੋਂ ਹੈ। ਅਤੇ

ਤਦ ਉਹ ਹੈ ਸੀ, ਅਤੇ ਨਹੀਂ ਹੈ, ਹੈ ਸੀ ਅਤੇ ਨਹੀਂ ਹੈ, ਹੈ ਸੀ ਅਤੇ ਨਹੀਂ ਹੈ", ਇਦਾਂ ਇਦਾਂ ਚੱਲਦਾ ਰਿਹਾ।

*ਅਤੇ ਉਹ ਨਸ਼ਟ ਹੋ ਜਾਵੇਗਾ।*

257 ਪ੍ਰਭੂ ਦੀ ਆਮਦ ਤਕ ਉਹ ਏਦਾਂ ਹੀ ਚੱਲਦਾ ਰਹੇਗਾ, ਤੇ ਫਿਰ ਉਹ ਨਰਕ ਵਿੱਚ ਸੁੱਟਿਆ ਜਾਵੇਗਾ।

*ਉਹ ਦੱਸ ਸਿੰਗ ਜਿਹੜੇ ਤੂੰ ਵੇਖੇ ਉਹ ਦੱਸ ਰਾਜੇ ਹਨ ਜਿਨ੍ਹਾਂ ਨੂੰ ਰਾਜ ਨਹੀਂ ਮਿਲਿਆ; ਪਰ ਉਸ ਦਰਿੰਦੇ ਦੇ ਨਾਲ ਇੱਕ ਘੰਟੇ ਦੇ ਲਈ ਰਾਜਿਆਂ ਦੇ ਸਮਾਨ ਉਹਨਾਂ ਨੂੰ ਇਖਤਿਆਰ ਮਿਲਦਾ ਹੈ।*

258 ਔਹ, ਜੇ ਸਾਡੇ ਕੋਲ ਸਮਾਂ ਹੁੰਦਾ..."ਅਜੇ ਰਾਜ ਨਹੀਂ ਮਿਲਿਆ"। ਉਹ ਰਾਜੇ ਨਹੀਂ ਹਨ। ਉਹਨਾਂ ਦੇ ਕੋਲ ਨਹੀਂ ਸੀ...ਉਹਨਾਂ ਕੋਲ ਹੋ ਵੀ ਨਹੀਂ ਸਕਦਾ। "ਉਹਨਾਂ ਨੂੰ ਰਾਜਿਆਂ ਵਾਂਗ ਇਖਤਿਆਰ ਮਿਲਿਆ"। ਇਹ ਕੀ ਹੈ? ਤਾਨਾਸ਼ਾਹ; ਮੁਕਟ ਪਹਿਨਾਏ ਹੋਏ ਰਾਜੇ ਨਹੀਂ। ਤਾਨਾਸ਼ਾਹ! ਔਹ, ਬੱਲੇ!

259 ਹੁਣ ਔਹ, ਜਦ ਮੈਂ ਇਹ ਪੜ੍ਹਿਆ ਕਦੇ ਕਦੇ ਮੇਰਾ ਦਿਲ ਆਨੰਦ ਨਾਲ ਉੱਛਲਦਾ ਹੈ, ਠੀਕ ਹੈ, ਜਦ ਮੈਂ ਸੋਚਦਾ ਹਾਂ ਕਿ ਕਿੰਝ ਅਸੀਂ ਅੰਤ ਦੇ ਦਿਨਾਂ ਵਿੱਚ ਰਹਿ ਰਹੇ ਹਾਂ।

*ਉਹ ਦੱਸ ਸਿੰਗ ਜਿਹੜੇ ਤੂੰ ਵੇਖੇ ਉਹ ਦੱਸ ਰਾਜੇ ਹਨ ਜਿਨ੍ਹਾਂ ਨੂੰ ਰਾਜ ਨਹੀਂ ਮਿਲਿਆ ਪਰ ਉਸ ਦਰਿੰਦੇ ਦੇ ਨਾਲ ਇੱਕ ਘੰਟੇ ਦੇ ਲਈ ਰਾਜਿਆਂ ਦੇ ਸਮਾਨ ਉਹਨਾਂ ਨੂੰ ਇਖਤਿਆਰ ਮਿਲਦਾ ਹੈ।*

*ਇਹਨਾਂ ਦਾ ਇੱਕੋ ਮੱਤ ਹੈ ਅਤੇ ਇਹ ਆਪਣੀ ਸਮਰੱਥਾ ਅਤੇ ਇਖਤਿਆਰ ਉਸ ਦਰਿੰਦੇ ਨੂੰ ਦਿੰਦੇ ਹਨ।*

*ਇਹ ਲੇਲੇ ਦੇ ਯੁੱਧ ਕਰਨਗੇ ਅਤੇ ਲੇਲਾ ਉਹਨਾਂ ਉੱਤੇ ਫਤਹ ਪਵੇਗਾ...*

260 ਇੱਥੇ ਆਰਮੀਗਦੋਨ ਦੀ ਲੜ੍ਹਾਈ ਹੁੰਦੀ ਹੈ; ਤੇ ਹਜਾਰ ਸਾਲਾਂ ਦੇ ਰਾਜ ਲਈ ਤਿਆਰ ਹੈ।

*...ਇਸ ਲਈ ਜੋ ਉਹ ਪ੍ਰਭੂਆਂ ਦਾ ਪ੍ਰਭੂ ਅਤੇ ਰਾਜਿਆਂ ਦਾ ਰਾਜਾ ਹੈ...* (ਤੁਹਾਡੇ ਜੋੜ੍ਹ ਹਿਲ ਨਾ ਜਾਣ।)*...ਅਤੇ ਉਹਦੇ ਨਾਲ ਉਹ ਵੀ ਜਿਹੜੇ ਸੱਦੇ ਹੋਏ, ਚੁਣੇ ਹੋਏ।*

261 ਤੁਹਾਡੇ ਕੋਲ ਤਾਂ ਨਹੀਂ; ਪਰ ਉਹਦੇ ਕੋਲ ਹਨ। ਤੁਸੀਂ ਪਵਿੱਤਰ ਆਤਮਾ ਪਾਇਆ ਹੈ ਤੁਹਾਨੂੰ ਤਾਂ ਫਤਹ ਦਾ ਨਾਅਰਾ ਮਾਰਨਾ ਚਾਹੀਦਾ ਹੈ। ਪਰਮੇਸ਼ਵਰ ਨੇ ਤੁਹਾਨੂੰ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਚੁਣ ਲਿਆ। ਜੇ ਤੁਸੀਂ

ਸੁਸਮਾਚਾਰ ਦੀ ਰੋਸ਼ਨੀ ਨੂੰ ਨਹੀਂ ਵੇਖ ਸਕਦੇ, ਇਹ ਇਸ ਲਈ ਹੈ ਕਿਉਂਕਿ ਤੁਸੀਂ ਅੰਨ੍ਹੇ ਹੋ।

*...ਚੁਣੇ ਹੋਏ ਅਤੇ ਮਾਤਬਰ ਹਨ...*

*ਅਤੇ ਉਹਨੇ ਮੈਨੂੰ ਆਖਿਆ ਜਿਹੜੇ ਪਾਣੀ ਤੂੰ ਵੇਖੇ ਸਨ, ਜਿੱਥੇ ਉਹ ਕੰਜਰੀ ਬੈਠੀ ਹੈ,...ਉਹ ਉੱਮਤਾਂ ਅਤੇ ਮਹਾਇਨ ਅਤੇ ਕੌਮਾਂ ਅਤੇ ਭਾਖਿਆ ਹਨ।*

262 ਦੂਜੇ ਸ਼ਬਦਾਂ ਵਿੱਚ, ਇਹ ਤੀਵੀਂ ਜੋ ਇੱਥੇ ਬੈਠੀ ਹੈ, ਕਲੀਸੀਆ, ਸਭ ਲੋਕਾਂ ਨੂੰ ਉਹਦੀ ਸਿੱਖਿਆ ਦੇਣ ਜਾ ਰਹੀ ਹੈ, ਭੀੜ, ਅਤੇ ਭਾਖਿਆ। ਉੱਥੇ ਉਹ ਹੈ। ਉਹ ਉਹਨਾਂ ਦੇ ਉੱਤੇ ਹਕੂਮਤ ਕਰਦੀ ਸੀ। ਉਹ ਉਹਨਾਂ ਦੇ ਉੱਤੇ ਬੈਠੀ ਹੈ। ਇੱਕ ਸ਼ਕਤੀ ਜੋ ਉਹਨਾਂ ਦੇ ਉੱਤੇ ਹਾਵੀ ਹੈ। ਉਹ ਸੱਤ ਟਿੱਲਿਆਂ ਦੇ ਉੱਤੇ ਬੈਠੀ ਹੈ। ਕਿਰਮਚੀ ਰੰਗ ਦੇ ਵਸਤਰ ਪਾਏ ਹੋਏ ਹਨ, ਸੰਸਾਰ ਵਿੱਚ ਸਭ ਤੋਂ ਧੰਨਵਾਨ ਵਾਂਗ ਸ਼ਿੰਗਾਰੀ ਹੋਈ। ਉੱਥੇ ਉਹ ਹੈ।

*ਅਤੇ ਜਿਹੜੇ ਦੱਸ ਸਿੰਗ ਤੂੰ ਵੇਖੇ ਸਨ ਤੇ ਨਾਲੇ ਉਹ ਦਰਿੰਦਾ...*

263 ਗੌਹ ਕਰੋ, ਹੁਣ ਤੁਸੀਂ ਸਾਮਵਾਦ ਦੀ ਸ਼ਕਤੀ ਵਿੱਚ ਆ ਰਹੇ ਹੋ।

*...ਇਹ ਕੰਜਰੀ ਦੇ ਨਾਲ ਵੈਰ ਕਰਨਗੇ ਅਤੇ ਉਹਨੂੰ ਉਜਾੜ ਦੇਣਗੇ ਅਤੇ ਨੰਗਿਆਂ ਕਰਨਗੇ ਅਤੇ ਉਹ ਦਾ ਮਾਸ ਖਾ ਜਾਣਗੇ...ਅਤੇ ਉਹਨੂੰ ਅੱਗ ਦੇ ਨਾਲ ਸਾੜ ਸੁੱਟਣਗੇ।*

*ਕਿਉਂ ਜੋ ਪਰਮੇਸ਼ਵਰ ਨੇ ਉਹਨਾਂ ਦੇ ਦਿਲ ਵਿੱਚ ਇਹ ਪਾਇਆ ਭਈ ਉਸਦੀ ਮਨਸਾ ਪੂਰੀ ਕਰਨ ਅਤੇ ਇੱਕੋ ਮੱਤ ਦੇ ਹੋਣ ਅਤੇ ਅਪਨਾ ਰਾਜ ਉਸ ਦਰਿੰਦੇ ਨੂੰ ਦੇਣ ਜਿੰਨਾਂ ਚਿਰ ਪਰਮੇਸ਼ਵਰ ਦੇ ਵਚਨ ਪੂਰੇ ਨਾ ਹੋ ਲੈਣ।*

264 ਹਾਲੇਲੂਯਾਹ! "ਧਰਤੀ ਤੇ ਆਕਾਸ਼ ਟਲ ਜਾਣਗੇ, ਪਰ ਪਰਮੇਸ਼ਵਰ ਦਾ ਵਚਨ ਕਦੇ ਨਹੀਂ ਟਲੇਗਾ"। ਧਿਆਨ ਦਿਓ!

*...ਉਹ ਤੀਵੀਂ ਜਿਹੜੀ ਤੂੰ ਵੇਖੀ ਸੀ...*

*ਅਤੇ ਉਹ ਤੀਵੀਂ ਜੋ ਤੂੰ ਵੇਖੀ ਸੀ ਉਹ ਵੱਡੀ ਨਗਰੀ ਹੈ। ਜਿਹੜੀ ਧਰਤੀ ਦੇ ਰਾਜਿਆਂ ਉੱਤੇ ਰਾਜ ਕਰਦੀ ਹੈ।*

265 ਮੈਨੂੰ ਸਾਰੇ ਸੰਸਾਰ ਵਿੱਚੋਂ ਇੱਕ ਵੀ ਨਗਰੀ ਵਿਖਾਓ ਜੋ ਕਿ ਧਰਤੀ ਦੇ ਰਾਜਿਆਂ ਤੇ ਰਾਜ ਕਰਦੀ ਹੋਵੇ, ਕੈਥੋਲਿਕ ਦੀ ਰਾਜਗੱਦੀ ਤੋਂ ਇਲਾਵਾ ਜੋ ਕਿ ਰੋਮ ਵਿੱਚ ਸੱਤਾਂ ਟਿੱਲਿਆਂ ਤੇ ਬੈਠੀ ਹੋਈ ਹੈ ਜਿਵੇਂ ਵੀ ਤੁਸੀਂ ਚਾਹੋ ਇਸ ਨੂੰ ਛੱਡ ਕੋਈ ਹੋਰ ਵਿਖਾਓ। ਇੱਕ ਵੀ ਨਗਰੀ ਨਹੀਂ, ਕਦੇ ਵੀ ਨਹੀਂ ਸੀ, ਕਦੇ ਵੀ

ਨਹੀਂ ਹੋਵੇਗੀ; ਉਸ ਨਵੀਂ ਨਗਰੀ ਨੂੰ ਛੱਡ ਕੇ ਜਿਹੜੀ ਸੁਰਗੋਂ ਉੱਤਰੀ। ਇਹ ਠੀਕ ਹੈ।

266 ਹੁਣ ਇੱਕ ਮਿੰਟ ਵਾਸਤੇ, ਮੈਂ ਤੁਹਾਨੂੰ ਇਹ ਦੁਬਾਰਾ ਵਿਖਾਉਣਾ ਚਾਹੁੰਦਾ ਹਾਂ। ਖੁਦਾ ਸਾਡੀ ਫਿਕਰ ਕਰੇ ਤੇ ਸਾਨੂੰ ਇਕੱਠਿਆਂ ਨੂੰ ਬਰਕਤ ਦੇਵੇ ਜਿਵੇਂ ਕਿ ਅਸੀਂ ਇਹ ਪੜ੍ਹਦੇ ਹਾਂ। ਠੀਕ ਹੈ। ਹੁਣ ਇੱਥੇ ਗੌਹ ਕਰੋ, ਮੈਂ 13 ਅਧਿਆਏ ਦੀ 15 ਆਇਤ ਤੋਂ ਸ਼ੁਰੂ ਕਰ ਰਿਹਾ ਹਾਂ।

*ਉਹ ਦੇ ਕੋਲ ਉਸ ਮੂਰਤੀ ਨੂੰ ਜੀਵਨ ਦੇਣ ਦਾ ਇਖਤਿਆਰ ਸੀ...*

267 ਇਹ ਤਾਂ ਅਮਰੀਕਾ ਵਿੱਚ ਹੈ, ਜੋ ਕਿ ਅਸਾਂ ਉਤਾਂਹ ਆਉਂਦੇ ਵੇਖਿਆ, ਤੁਸੀਂ ਇੱਕ ਮੂਰਤ ਨੂੰ ਵੇਖਦੇ ਹੋ।

*...ਤਾਂ ਜੋ ਉਸ ਦਰਿੰਦੇ ਦੀ ਮੂਰਤੀ ਬੋਲੇ, ਨਾਲੇ ਜਿੰਨੇ ਉਸ ਦਰਿੰਦੇ ਦੀ ਮੂਰਤੀ ਦੀ ਪੂਜਾ ਨਾ ਕਰਨ ਉਹ ਵੱਢੇ ਜਾਣ।* (ਇਹ ਤਾਂ ਬਾਈਕਾਟ ਹੈ)

*ਤੇ ਉਹਨਾਂ ਸਭਨਾਂ ਛੋਟਿਆਂ, ਵੱਡਿਆਂ, ਧਨੀਆਂ, ਗਰੀਬਾਂ ਅਤੇ ਅਜਾਦਾਂ ਅਤੇ ਗੁਲਾਮਾਂ ਨੂੰ ਉਹਦੇ ਸੱਜੇ ਹੱਥ ਉੱਤੇ ਅਥਵਾ ਉਹਨਾਂ ਦੇ ਮੱਥੇ ਉੱਤੇ ਦਾਗ ਦੁਆ ਦਿੰਦਾ ਹੈ।*

*ਅਤੇ ਉਹਨੂੰ ਛੱਡ ਕੇ ਜਿਹਦੇ ਉੱਤੇ ਛਾਪ ਅਰਥਾਤ ਉਸ ਪਸ਼ੂ ਦਾ ਨਾਮ, ਜਾਂ ਉਹਦੇ ਨਾਮ ਦਾ ਅੰਕ ਹੋਵੇ ਅਤੇ ਹੋਰ ਕੋਈ ਲੈਣ ਦੇਣ ਨਾ ਕਰ ਸਕੇ।*

268 ਹੁਣ ਵੇਖੋ, ਹੁਣ ਧਿਆਨ ਦੇ ਨਾਲ, ਬਹੁਤ ਹੀ ਧਿਆਨ ਦੇ ਨਾਲ, ਇਸ ਤੋਂ ਪਹਿਲਾਂ ਕਿ ਅਸੀਂ ਇਹਨੂੰ ਖਤਮ ਕਰੀਏ। 18ਵੀਂ ਆਇਤ, ਸੁਣੋ।

*ਇੱਥੇ ਗਿਆਨ ਦਾ ਮੌਕਾ ਹੈ...*

269 ਸਮਝੋ ਪਵਿੱਤਰ ਆਤਮਾ ਨਿਹਚਾਵਾਨ ਨੂੰ ਅੰਤ ਦੇ ਦਿਨਾਂ ਵਿੱਚ ਵਾਪਸ ਬੁਲਾ ਰਿਹਾ ਹੈ। ਉਹ ਛੋਟੇ ਝੁੰਡ ਉੱਥੇ, ਬੋਲ ਰਿਹਾ ਹੈ, ਇਸ ਦਿਨ ਦੇ ਛੋਟੇ ਝੁੰਡ ਨੂੰ ਬੁਲਾ ਰਿਹਾ ਹੈ। "ਕਲੀਸੀਆ ਵਿੱਚ ਜਿਹਦੇ ਕੋਲ ਬੁੱਧ ਹੈ ਉਹਦੇ ਲਈ ਇਹ ਮੌਕਾ ਹੈ। ਉਹ ਇਹਨੂੰ ਸਮਝ ਲਵੇ"।

*...ਜਿਹਨੂੰ ਬੁੱਧ ਹੈ ਉਹ ਉਸ ਦਰਿੰਦੇ ਦੇ ਅੰਕ ਗਿਣ ਲਵੇ: ਉਹ ਮਨੁੱਖ ਦਾ ਅੰਕ ਹੈ,* (ਇੱਕ ਕੌਮ ਦਾ ਨਹੀਂ), *ਮਨੁੱਖ ਦਾ; ਅਤੇ ਉਹਦਾ ਅੰਕ ਛੇ ਸੌ ਛਿਆਠ ਹੈ।*

270 ਅਤੇ ਠੀਕ ਵੇਟਿਕਨ ਸ਼ਹਿਰ ਦੇ ਉੱਤੇ...ਹੁਣ ਮੈਨੂੰ ਇਹ ਨਾ ਦੱਸੋ; ਮੇਰੇ ਕੋਲ *facts of our faith* ਨਾਮਕ ਪੁਸਤਕ ਹੈ। ਅਤੇ ਉਹ ਸਭ ਸਮਝੋ। ਵੇਟਿਕਨ

ਸ਼ਹਿਰ ਦੇ ਉੱਤੇ, ਪੋਪ ਉੱਥੇ "ਪਰਮੇਸ਼ਵਰ ਦੇ ਪੁੱਤਰ ਦੇ ਥਾਂ" ਤੇ ਖਲੋਤਾ ਸੀ। ਮੇਰੇ ਕੈਥੋਲਿਕ ਮਿੱਤਰ ਠੀਕ ਇੱਥੇ ਬੈਠੇ ਹੋਏ ਹਨ। ਉਹ ਕੈਥੋਲਿਕ ਸਨ ਜੋ ਇੱਥੇ ਬੈਠੇ ਹੋਏ ਸਨ, ਅਤੇ ਜਾਣਦੇ ਹਨ ਕਿ ਇਹ ਸੱਚਾਈ ਹੈ। ਮੇਰੇ ਆਪਣੇ ਲੋਕ ਵੀ, ਮੇਰੇ ਤੋਂ ਪਹਿਲਾਂ ਸ਼ਾਇਦ ਕੈਥੋਲਿਕ ਸਨ। ਸਮਝੇ?

271 ਉਹਨਾਂ ਨੇ ਸੰਤ ਪੇਟਰਿਕ ਨੂੰ ਕੈਥੋਲਿਕ ਆਖਿਆ, ਅਤੇ ਉਹ ਕਦੇ ਵੀ ਕੈਥੋਲਿਕ ਨਹੀਂ ਸੀ। ਉਹਨਾਂ ਨੇ ਆਖਿਆ ਕਿ ਜੋਵੇਨ ਆਫ਼ ਆਰਕ ਇੱਕ ਸੰਤ ਸੀ; ਅਤੇ ਕੈਥੋਲਿਕ ਪਾਦਰੀਆਂ ਨੇ ਉਹਨੂੰ ਜਾਦੂਗਰਨੀ ਆਖ ਕੇ ਸਾੜ ਦਿੱਤਾ। ਕੋਈ ਹੈਰਾਨੀ ਨਹੀਂ। ਯਿਸੂ ਨੇ ਆਖਿਆ, "ਤੁਸੀਂ ਨਬੀਆਂ ਦੀਆਂ ਕਬਰਾਂ ਨੂੰ ਤਾਂ ਚੂਨਾ ਫੇਰਦੇ ਹੋ ਤੇ ਤੁਸੀਂ ਉਹਨਾਂ ਨੂੰ ਉੱਥੇ ਰੱਖਦੇ ਹੋ, ਤੁਸੀਂ ਚੂਨਾ ਫੇਰੀਆਂ ਹੋਈਆਂ ਕੰਧਾਂ ਹੋ"। ਇਹ ਠੀਕ ਹੈ।

272 ਗੌਹ ਕਰੋ, ਇਹ ਤਾਂ ਮਨੁੱਖਦਾ ਅੰਗ ਹੈ। ਅਤੇ ਰੋਮ ਦੇ ਪੋਪ ਦੇ ਉੱਤੇ ਇਹ ਲਿਖਿਆ ਹੋਇਆ ਹੈ, "VICARIVS FILII DEI" ਇਹ ਰੋਮੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਤੁਸੀਂ ਇਹ ਆਪ ਜਰਾ ਲਿਖੋ, ਕੱਲ੍ਹ ਨੂੰ। V, I, C, I, R, ਓਹ, ਤੇ ਇਹਨੂੰ ਰੋਮਨ ਅੱਖਰਾਂ ਵਿੱਚ ਬਾਹਰ ਰੱਖੋ। ਅਤੇ ਆਪਣੀ ਲਕੀਰ ਖਿੱਚੋ ਤੇ ਇਹਨੂੰ ਜਮਾ ਕਰੋ। ਤੇ ਫਿਰ ਵੇਖੋ ਲਈ ਤੁਹਾਨੂੰ ਕੀ ਮਿਲਿਆ ਹੈ; ਸੱਤ ਸੌ ਛਿਆਠ। ਉਹ ਕਿੱਥੇ ਬੈਠਾ ਹੈ? "ਸੱਤ ਟਿੱਲਿਆਂ ਉੱਤੇ"।

273 ਅਤੇ ਉਹਦੇ ਵਿੱਚੋਂ ਹੀ ਧਰਮ ਦੀ ਜਥੇਬੰਦੀ ਨਿਕਲੀ ਜਿਹਨੇ ਕਿ ਬਾਈਬਲ ਦੀ ਥਾਂ ਤੇ ਮਤ ਸਿਧਾਂਤ ਸਿਖਾਏ। ਅਤੇ ਪ੍ਰੋਟੈਸਟੈਂਟ ਇਹਦੇ ਵਿੱਚੋਂ ਬਾਹਰ ਨਿਕਲ ਆਏ। ਅਤੇ ਹੁਣ ਉਹ ਉਹੋ ਹੀ ਚੀਜ ਕਰ ਰਹੇ ਹਨ ਕਿਉਂਕਿ ਆਖਿਆ ਗਿਆ ਸੀ ਕਿ ਉਹ ਵੱਡੀ "ਕੰਜਰੀਂ" ਹੈ, ਉਹ "ਕੰਜਰੀਆਂ" ਹਨ। ਕੈਥੋਲਿਕ ਕਲੀਸੀਆ ਝੂਠੇ ਬਪਤੀਸਮੇ ਦੇ ਨਾਲ, ਝੂਠੇ ਧਰਮ ਦੇ ਨਾ.ਲ, ਪਵਿੱਤਰ ਆਤਮਾ ਦੇ ਝੂਠੇ ਵਿਚਾਰ ਦੇ ਨਾਲ, ਨਰਕ ਦੇ ਝੂਠੇ ਵਿਸ਼ਾਰ ਨਾਲ, ਅਤੇ ਇਦਾਂ ਦੀਆਂ ਸਾਰੀਆਂ ਚੀਜਾਂ ਤੇ ਪ੍ਰੋਟੈਸਟੈਂਟ ਲੋਕ ਠੀਕ ਉਹਦੇ ਪੈੜਾਂ ਤੇ ਚੱਲਦੇ ਹਨ।

ਸ਼ਾਮ ਦੇ ਸਮੇਂ ਉਜਾਲਾ ਹੋਵੇਗਾ,
ਮਹਿਮਾ ਦਾ ਮਾਰਗ ਤੁਹਾਨੂੰ ਜਰੂਰ ਲੱਭੇਗਾ; (ਇਹ ਠੀਕ
ਹੈ)
...ਜਿਸ, ਢੰਗ ਦੇ ਨਾਲ ਰੋਸ਼ਨੀ ਹੈ'
ਯਿਸੂ ਦੇ ਬੇਸ਼ਕੀਮਤ ਨਾਮ ਵਿੱਚ ਦਫ਼ਨ ਹੋਏ।
ਜਵਾਨੋਂ ਅਤੇ ਬਜੁਰਗੋ ਆਪਣਿਆਂ ਸਾਰਿਆਂ ਪਾਪਾਂ ਤੋਂ
ਤੌਬਾ ਕਰੋ,

ਪਵਿੱਤਰ ਆਤਮਾ ਯਕੀਨਨ ਅੰਦਰ ਦਾਖਲ ਹੋ ਜਾਵੇਗਾ;
ਸ਼ਾਮ ਦੇ ਉਜਾਲਾ ਆ ਗਿਆ ਹੈ,
ਇਹ ਸੱਚਾਈ ਹੈ ਕਿ ਮਸੀਹ ਅਤੇ ਪਰਮੇਸ਼ਵਰ ਇੱਕ
ਹਨ। (ਆਮੀਨ!)

274 ਭਾਈ ਜੀ ਮੈਂ ਤੁਹਾਨੂੰ ਦੱਸ ਰਿਹਾ ਹਾਂ ਕਿ ਇਹ ਸ਼ਾਮ ਦੇ ਉਜਾਲੇ ਚਮਕ ਰਹੇ ਹਨ। ਉਹੋ ਹੀ ਰਸੂਲਾਂ ਵਾਲੀ ਸਿੱਖਿਆ ਤੇ ਉਹੋ ਹੀ ਰਸੂਲਾਂ ਵਾਲਾ ਬਪਤੀਸਮਾ ਅਤੇ ਉਹੋ ਹੀ ਰਸੂਲਾਂ ਵਾਂਗ ਪਵਿੱਤਰ ਆਤਮਾ ਦੇ ਨਾਲ ਭਰਨਾ; ਉਹੋ ਹੀ ਰਸੂਲਾਂ ਵਾਲੇ ਅਚੰਭੇ ਅਤੇ ਨਿਸ਼ਾਨੀਆਂ, ਗੈਰ ਕੌਮਾਂ ਦੀ ਵੱਲ ਨੂੰ ਝਾਤੀ ਮਾਰ ਰਹੀਆਂ ਹਨ; ਉਦਾਂ ਹੀ ਜਿਦਾਂ ਕਿ ਉਹਨਾਂ ਨੇ ਯਹੂਦੀਆਂ ਦੇ ਵਿਚਾਲੇ ਕੀਤਾ। ਉੱਥੇ ਪਿਛਲੇ ਸਮੇਂ ਵਿੱਚ ਸਵੇਰ ਦੇ ਸਮੇਂ। ਤੇ ਇੱਥੇ ਇਹ ਸੂਰਜ ਡੁੱਬਣ ਦੇ ਵੇਲੇ ਹੋ ਰਿਹਾ ਹੈ।

ਲੱਗਭਗ ਸਭ ਜਗ੍ਹਾ ਉਹ ਲੋਕ ਹਨ,
ਜਿਹਨਾਂ ਦੇ ਦਿਲ ਉਸ ਅੱਗ ਦੀਆਂ
ਲਪਟਾਂ ਵਿੱਚ ਹਨ ਜਿਹੜੀ ਪੈਂਤੀਕੁਸਤ ਤੇ ਪਈ,
ਜਿਹਨੇ ਉਹਨਾਂ ਨੂੰ ਸਾਫ ਕਰਕੇ ਸ਼ੁੱਧ ਕੀਤਾ;
ਓਹ, ਇਹ ਤਾਂ ਮੇਰੇ ਦਿਲ ਵਿੱਚ ਜਲ ਰਹੀ ਹੈ,
ਓਹ, ਉਹਦੇ ਨਾਮ ਦੀ ਮਹਿਮਾ!
ਮੈਂ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਹਨਾਂ ਵਿੱਚੋਂ
ਇੱਕ ਹਾਂ।

ਉਹਨਾਂ ਵਿੱਚੋਂ ਇੱਕ, ਮੈਂ ਉਹਨਾਂ ਵਿੱਚੋਂ ਇੱਕ ਹਾਂ,
ਮੈਂ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਹਨਾਂ ਵਿੱਚੋਂ
ਇੱਕ ਹਾਂ;
ਉਹਨਾਂ ਵਿੱਚੋਂ ਇੱਕ, ਉਹਨਾਂ ਵਿੱਚੋਂ ਇੱਕ,
ਮੈਂ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਹਨਾਂ ਵਿੱਚੋਂ
ਇੱਕ ਹਾਂ।

ਉਹ ਉਪਰਲੀ ਕੋਠਰੀ ਵਿੱਚ ਇਕੱਠੇ ਹੋਏ,
ਸਭੇ ਉਹਦੇ ਨਾਮ ਵਿੱਚ ਪ੍ਰਾਰਥਨਾ ਕਰ ਰਹੇ ਸਨ,
ਉਹਨਾਂ ਦਾ ਪਵਿੱਤਰ ਆਤਮਾ ਨਾਲ ਬਪਤੀਸਮਾ ਹੋਇਆ
ਸੀ,
ਅਤੇ ਸੇਵਾ ਦੇ ਲਈ ਸਮਰੱਥ ਆਈ;

ਹੁਣ ਉਸ ਦਿਨ ਉਸਨੇ ਉਹਨਾਂ ਲਈ ਜੋ ਕੀਤਾ,
ਉਹ ਤੁਹਾਡੇ ਲਈ ਵੀ ਉਹੋ ਹੀ ਕਰੇਗਾ,
ਮੈਂ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਹਨਾਂ ਵਿੱਚੋਂ
ਇੱਕ ਹਾਂ।

ਕੀ ਤੁਸੀਂ ਨਹੀਂ ਹੋ? [ਸਭਾ ਆਖਦੀ ਹੈ, "ਆਮੀਨ"—ਸੰਪਾ]

ਆਓ, ਮੇਰੇ ਭਾਈ, ਇਸ ਆਸ਼ੀਸ਼ ਨੂੰ ਲੱਭੋ,
ਜੋ ਤੁਹਾਡੇ ਹਿਰਦੈ ਨੂੰ ਪਾਪ ਤੋਂ ਸ਼ੁੱਧ ਕਰੇਗੀ
ਇਹ ਖੁਸ਼ੀ ਦੀਆਂ ਘੰਟੀਆਂ ਨੂੰ ਵਜਾਉਣਾ ਸ਼ੁਰੂ ਕਰੇਗੀ
ਅਤੇ ਤੁਹਾਡੇ ਪ੍ਰਾਨ ਨੂੰ ਲਪਟਾਂ ਵਿੱਚ ਰੱਖ ਦੇਵੇਗੀ;
ਓਹ, ਇਹ ਹੁਣ ਮੇਰੇ ਹਿਰਦੇ ਵਿੱਚ ਹੁਣ ਜਲ ਰਹੀ ਹੈ,
ਓਹ, ਉਹਦੇ ਨਾਮ ਦੀ ਮਹਿਮਾ,
ਮੈਂ ਖੁਸ਼ ਹਾਂ ਕਿ ਮੈਂ ਕਹਿ ਸਕਦਾ ਹਾਂ ਕਿ ਮੈਂ ਉਹਨਾਂ ਵਿੱਚੋਂ
ਇੱਕ ਹਾਂ।

275 ਔਹ, ਇਸ ਤੇਜ ਮਈ ਸੁਸਮਾਚਾਰ ਦੇ ਲਈ!

ਲਹੂ ਵਗ ਰਿਹਾ ਹੈ, ਹਾਂ ਜੀ, ਇਹ ਲਹੂ ਵਗ ਰਿਹਾ ਹੈ।

276 ਇਹਦੀ ਕੀਮਤ ਨੂੰ ਜਾਣ ਲਓ! "ਜੇ ਉਹ ਮੇਰੇ ਪਿੱਛੇ ਆਉਣਾ ਚਾਹੁੰਦਾ ਹੈ, ਤਾਂ ਉਹ ਆਪਣੀ ਖੁਦੀ ਦਾ ਇਨਕਾਰ ਕਰੇ, ਆਪਣੀ ਸਲੀਬ (ਮੌਤ) ਉਠਾਏ ਅਤੇ ਮੇਰੇ ਪਿੱਛੇ ਚਲੇ"।

ਪਵਿੱਤਰ ਆਤਮਾ ਦੇ ਇਸ ਸੁਸਮਾਚਾਰ ਵਿੱਚੋਂ ਲਹੂ
ਟਪਕ ਰਿਹਾ ਹੈ,
ਚੇਲਿਆਂ ਦਾ ਲਹੂ ਜੋ ਸੱਚਾਈ ਲਈ ਮਰ ਗਏ,
ਪਵਿੱਤਰ ਆਤਮਾ ਦੇ ਸੁਸਮਾਚਾਰ ਵਿੱਚੋਂ ਲਹੂ ਟਪਕ
ਰਿਹਾ ਹੈ।

ਪਵਿੱਤਰ ਆਤਮਾ ਦੀ ਯੋਜਨਾ ਦੇ ਲਈ ਮਰਨ ਵਾਲਾ
ਇਹ ਪਹਿਲਾ ਵਿਅਕਤੀ,
ਯੂਹੰਨਾ ਬਪਤੀਸਮਾ ਦੇਣ ਵਾਲਾ ਸੀ, ਪਰ ਉਹ ਮਨੁੱਖ
ਵਾਂਗ ਮਰਿਆ;
ਤਦ ਪ੍ਰਭੂ ਯਿਸੂ ਆਇਆ, ਉਹਨਾਂ ਨੇ ਉਹਨੂੰ ਸਲੀਬ ਤੇ
ਚੜ੍ਹਾਇਆ,
ਉਹਨੇ ਪ੍ਰਚਾਰ ਕੀਤਾ ਕਿ ਉਹ ਆਤਮਾ ਉਹਨਾਂ ਨੂੰ ਪਾਪ
ਤੋਂ ਬਚਾਵੇਗਾ।

ਪਤਰਸ ਅਤੇ ਪੌਲੁਸ ਸੀ, ਅਤੇ ਦੈਵੀ ਯੂਹੰਨਾ,
ਉਹਨਾਂ ਨੇ ਆਪਣੀ ਜਾਣ ਦੇ ਦਿੱਤੀ ਤਾਂ ਕਿ ਸੁਸਮਾਚਰ ਚਮਕੇ;
ਉਹਨਾਂ ਨੇ ਆਪਣੇ ਲਹੂ ਨੂੰ, ਪੁਰਾਣੇ ਨਬੀਆਂ ਨਾਲ ਮਿਲਾਇਆ,
ਤਾਂ ਕਿ ਪਰਮੇਸ਼ਵਰ ਦਾ ਸੱਚਾ ਵਚਨ ਇਮਾਨਦਾਰੀ ਨਾਲ ਦੱਸਿਆ ਜਾਵੇ।

ਫਿਰ ਉਹਨਾਂ ਨੇ ਇਸਤੇਫਾਨ ਨੂੰ ਪੱਥਰ ਮਾਰੇ, ਉਹਨੇ ਪਾਪ ਦੇ ਵਿਰੁੱਧ ਪ੍ਰਚਾਰ ਕੀਤਾ ਸੀ,
ਉਸਨੇ ਉਹਨਾਂ ਨੂੰ ਬਹੁਤ ਗੁੱਸਾ ਦਿਲਾਇਆ, ਉਹਨਾਂ ਨੇ ਉਹਦੇ ਦਿਮਾਗ ਨੂੰ ਕੁਚਲ ਦਿੱਤਾ;
ਪਰ ਉਹ ਆਤਮਾ ਵਿੱਚ ਮਰ ਗਿਆ, ਉਹਦਾ ਆਤਮਾ ਉਹਦੇ ਵਿੱਚੋਂ ਨਿਕਲ ਗਿਆ,
ਅਤੇ ਦੂਸਰਿਆਂ ਨਾਲ ਜਾ ਮਿਲਿਆ, ਜਿਹਨਾਂ ਨੇ ਆਪਣੀਆਂ ਜਾਨਾਂ ਦਿੱਤੀਆਂ ਸਨ,

ਇਹ ਲਹੂ ਨਾਲ ਟਪਕ ਰਿਹਾ ਹੈ, ਹਾਂ, ਇਹ ਲਹੂ ਨਾਲ ਟਪਕ ਰਿਹਾ ਹੈ,
ਪਵਿੱਤਰ ਆਤਮਾ ਦੇ ਇਸ ਸੁਸਮਾਚਾਰ ਵਿੱਚੋਂ ਲਹੂ ਟਪਕ ਰਿਹਾ ਹੈ,
ਚੇਲਿਆਂ ਦੇ ਲਹੂ ਜੋ ਸੱਚਾਈ ਦੇ ਲਈ ਮਰ ਗਏ,
ਪਵਿੱਤਰ ਆਤਮਾ ਦੇ ਸੁਸਮਾਚਾਰ ਵਿੱਚੋਂ ਲਹੂ ਟਪਕ ਰਿਹਾ ਹੈ।

ਪ੍ਰਾਨ ਵੇਦੀ ਦੇ ਥੱਲੇ, ਚਿੱਲਾ ਰਹੇ ਹਨ, “ਹੋਰ ਕੱਦ ਤਕ?”
ਕਿਉਂਕਿ ਪਰਮੇਸ਼ਵਰ ਉਹਨਾਂ ਨੂੰ ਜਿਹਨਾਂ ਨੇ ਗਲਤ ਕੀਤਾ ਹੈ ਸਜਾ ਦੇਵੇ; (ਮਜਾ ਕਰ ਰਹੇ, ਵੇਖੋ। ਓਹ ਮੇਰੇ ਪ੍ਰਭੂ!)
ਉੱਥੇ ਹੋਰ ਵੀ ਹੋਣਗੇ ਜਿਹੜੇ ਆਪਣੇ ਜੀਵਨ ਦੇ ਲਹੂ ਨੂੰ ਬਹਾਉਣਗੇ,
ਕਿਉਂ ਜੋ ਇਹ ਪਵਿੱਤਰ ਆਤਮਾ ਦਾ ਸੁਸਮਾਚਰ ਹੈ ਅਤੇ ਇਹਦਾ ਲਾਲ ਰੰਗ ਦਾ ਹੜ੍ਹ।

ਇਹ ਲਹੂ ਨਾਲ ਟਪਕ ਰਿਹਾ ਹੈ, ਹਾਂ, ਇਹ ਲਹੂ ਨਾਲ ਟਪਕ ਰਿਹਾ ਹੈ,

ਪਵਿੱਤਰ ਆਤਮਾ ਦੇ ਇਸ ਸੁਸਮਾਚਾਰ ਵਿੱਚੋਂ ਲਹੂ
ਟਪਕ ਰਿਹਾ ਹੈ,
ਚੇਲਿਆਂ ਦੇ ਲਹੂ ਜੋ ਸੱਚਾਈ ਦੇ ਲਈ ਮਰ ਗਏ,
ਪਵਿੱਤਰ ਆਤਮਾ ਦੇ ਸੁਸਮਾਚਾਰ ਵਿੱਚੋਂ ਲਹੂ ਟਪਕ
ਰਿਹਾ ਹੈ।

277 ਆਓ ਅਸੀਂ ਮੁੜੀਏ, ਇੱਕ ਦੂਜੇ ਦੇ ਹੱਥ ਮਿਲਾਓ।

ਇਹ ਲਹੂ ਨਾਲ ਟਪਕ ਰਿਹਾ ਹੈ, ਹਾਂ, ਇਹ ਲਹੂ ਨਾਲ
ਟਪਕ ਰਿਹਾ ਹੈ,
ਪਵਿੱਤਰ ਆਤਮਾ ਦੇ ਇਸ ਸੁਸਮਾਚਾਰ ਵਿੱਚੋਂ ਲਹੂ
ਟਪਕ ਰਿਹਾ ਹੈ,
ਚੇਲਿਆਂ ਦੇ ਲਹੂ ਜੋ ਸੱਚਾਈ ਦੇ ਲਈ ਮਰ ਗਏ,
ਪਵਿੱਤਰ ਆਤਮਾ ਦੇ ਸੁਸਮਾਚਾਰ ਵਿੱਚੋਂ ਲਹੂ ਟਪਕ
ਰਿਹਾ ਹੈ।

278 ਕੀ ਤੁਸੀਂ ਪ੍ਰਭੂ ਨੂੰ ਪਿਆਰ ਕਰਦੇ ਹੋ? [ਸਭਾ ਆਖਦੀ ਹੈ, "ਆਮੀਨ"—ਸੰਪਾ] ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ।

279 ਪਿਤਾ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੂੰ ਇਸ ਸਭਾ ਨੂੰ ਬਰਕਤ ਦੇ, ਅਤੇ ਉਹ ਘਰ ਜਾਣ ਤੇਰੀ ਮਹਿਮਾ ਕਰਦੇ ਹੋਏ। ਹੋਣ ਦੇ ਕਿ ਉਹ ਲਹੂ ਦੇ ਝਰਨੇ ਕੋਲ ਆਉਣ ਜਿਹੜਾ ਇੰਮਾਨੂਏਲ ਦੀਆਂ ਨਸਾ ਵਿੱਚੋਂ ਵਹਿੰਦਾ ਹੈ। ਹੋਣ ਦੇ ਕਿ ਉਹ ਪੁਰਾਣੀ ਗਿਰਜੇ ਵਾਲੀ ਮਸਿਹਤ ਨੂੰ ਭੁੱਲ ਜਾਣ ਅਤੇ ਆਉਣ ਤੇ ਪਵਿੱਤਰ ਆਤਮਾ ਨੂੰ ਪਾਉਣ। ਅਸੀਂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਰਥਨਾ ਕਰਦੇ ਹਾਂ। ਆਮੀਨ।

ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ। ਸ਼ੁੱਭ ਰਾਤ। ਪਰਮੇਸ਼ਵਰ ਤੁਹਾਡੇ ਨਾਲ ਰਹੇ।

*ਦਰਿੰਦੇ ਦਾ ਨਿਸ਼ਾਨ* PUN54-0513

(The Mark Of The Beast)

ਇਹ ਸੰਦੇਸ਼ ਭਾਈ ਵਿਲਿਅਮ ਮੈਰਿਅਨ ਬ੍ਰਾਨਹਮ ਦੁਆਰਾ, ਮੂਲ ਰੂਪ ਚ ਅੰਗਰੇਜੀ ਭਾਸ਼ਾ ਵਿੱਚ ਵੀਰਵਾਰ ਸ਼ਾਮ, ਮਈ 13, 1954 ਬ੍ਰਾਨਹਮ ਟੇਬਰਨੇਕਲ ਵਿੱਚ ਜੈਫਰਸਨਵਿਲੇ, ਇੰਡਿਆਨਾ, ਯੂ. ਐਸ. ਏ. ਵਿੱਚ ਦਿੱਤਾ ਗਿਆ। ਇਹ ਸੰਦੇਸ਼ ਮੇਗਨੇਟਿਕ ਟੈਪ ਰਿਕਾਡਿੰਗ ਵਿੱਚੋਂ ਲਿਆ ਗਿਆ ਅਤੇ ਅੰਗਰੇਜੀ ਵਿੱਚ ਛਪਿਆ ਗਿਆ। ਇਹ ਪੰਜਾਬੀ ਅਨੁਵਾਦ ਵੋਈਸ ਆਫ਼ ਗੋਡ ਰਿਕਾਡਿੰਗ ਦੁਆਰਾ ਪ੍ਰਿੰਟ ਕੀਤਾ ਗਿਆ ਅਤੇ ਵੰਡਿਆ ਗਿਆ।

PUNJABI

©2021 VGR, ALL RIGHTS RESERVED

Voice Of God Recordings, India Office

19 (New No: 28) Shenoy Road, Nungambakkam

Chennai 600 034, India

044 28274560 • 044 28251791

india@vgroffice.org

Voice Of God Recordings

P.O. Box 950, Jeffersonville, Indiana 47131 U.S.A.

www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸ਼ੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰੰਿਟਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡੰਿਗਜ® ਵਲੋਂ ਲਖਿਤੀ ਇਜ਼ਾਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:



VOICE OF GOD RECORDINGS

P.O. BOX 950, JEFFERSONVILLE, INDIANA 47131 U.S.A.

www.branham.org